

ਰੌਂਗ ਨੰਬਰ
ਪ੍ਰਿੰਸ
www.PunjabiLibrary.com

# ਰੌਂਗ ਨੰਬਰ.... ਪ੍ਰਿੰਸ

ਏਦਾਂ ਕਈ ਵਾਰ ਹੁੰਦਾ ਹੈ, ਕਿ ਸਾਡਾ ਕਦੀ ਨਾ ਕਦੀ ਕਿਸੇ ਅਨਜਾਣ ਵਿਅਕਤੀ ਨੂੰ ਰੌਂਗ ਨੰਬਰ ਲੱਗ ਜਾਂਦਾ ਹੈ।

ਪਰ ਇਸ ਰੌਂਗ ਨੰਬਰ ਕਹਾਣੀ ਵਿਚ ਕੁਛ ਵੱਖਰਾ ਹੈ। ਜੋ ਕਿ ਆਪ ਸਭਨੂੰ ਕਹਾਣੀ ਪੜਕੇ ਸਮਝ ਆਵੇਗਾ। ਅਸੀਂ ਤੁਹਾਨੂੰ ਦੱਸਕੇ ਕਹਾਣੀ ਦਾ ਸਵਾਦ ਖ਼ਤਮ ਨਹੀਂ ਕਰਨਾ ਚਾਹੁੰਦੇ, 'ਤੇ ਚਲੋ ਆਓ “ਆਪਾਂ ਆਪ ਕਹਾਣੀ ਪੜਦੇ ਹਾਂ।”

( ਰੰਗ ਨੰਬਰ )

ਬੀਤ ਗਏ ਜੋ ਪਲਾਂ ਵਿਚ ਹੀ,

ਓਹ ਪਲਾਂ ਨੂੰ ਜਿਓਂ ਕੇ ਕੀ ਕਰਨਾ,

ਜੋ ਸੀ ਯਾਦ ਸਮੁੰਦਰਾਂ ਭਰੀ,

ਹੁਣ ਓਹ ਸੁੱਕਾ ਕਿਨਾਰਾ ਕੀ ਕਰਨਾ,

ਬਣ ਮੰਗਤਾ ਤੂੰ, ਚਾਦਰ ਬਿਛਾਂਕੇ,

ਹੁਣ ਰਾਜਾ ਬਣਕੇ ਕੀ ਕਰਨਾ,

ਬੀਤ ਗਏ ਜੋ ਪਲਾਂ ਵਿਚ ਹੀ,

ਓਹ ਪਲਾਂ ਨੂੰ ਜਿਓਂ ਕੇ ਕੀ ਕਰਨਾ ।

ਹੁਣ ਮੇਰਾ ਦਿਲ ਨਾ ਮੰਨਦਾ ਮੇਰੀ,

ਕਹਿੰਦਾ ਕੀ ਕਰਨਾ ਹੁਣ ਹੋ ਗਈ ਦੇਰੀ,

ਜੋ ਸੀ ਤੇਰੀ ਦਿਲ - ਰੂਬਾ ਵੇ,

ਤੁਰ ਗਈ ਕਿਤੇ ਬਣ ਹਨੇਰੀ,

ਓਹੀ ਚੰਨ, ਓਹੀ ਤਾਰੇ ਨੇ,

ਹੁਣ ਤਾਰਿਆਂ ਦੀ ਛਾਂਵੇ ਬਹਿਕੇ ਕੀ ਕਰਨਾ,

ਬੀਤ ਗਏ ਜੋ ਪਲਾਂ ਵਿਚ ਹੀ,

ਓਹ ਪਲਾਂ ਨੂੰ ਜਿਓਂ ਕੇ ਕੀ ਕਰਨਾ।

ਸੋਚਾਂ ਸੋਚ ਓਹ ਸੋਚ ਜੀ ਬਣਦੀ,

ਜਾਦੂਗਰਨੀ ਜਿਵੇਂ ਕੋਈ ਜਾਦੂ ਕਰਦੀ,

ਹੈ ਤਾਂ ਸੀ ਮੈਂ ਕੱਲਾ ਕਾਰਾ,

ਮਿਲ ਨਾਲ ਮੇਰੀ ਮੰਜ਼ਿਲ ਬਣਦੀ,

ਹੁਣ ਕੰਮਜ਼ੋਰਾਂ ਵਾਂਗੂ ਗਿਣ-ਗਿਣ ਦੁੱਖ ਦੱਸ ਕੇ,

ਦਿਲ ਹੁਣ ਕਹਿੰਦਾ ਕੀ ਕਰਨਾ,

ਬੀਤ ਗਏ ਜੋ ਪਲਾਂ ਵਿਚ ਹੀ,

ਓਹ ਪਲਾਂ ਨੂੰ ਜਿਓਂ ਕੇ ਕੀ ਕਰਨਾ।

ਕੱਚੀਆਂ ਸੀ ਜੋ ਲੱਗੀਆਂ ਪ੍ਰੀਤਾਂ,

ਹੁਣ ਨਵਿਆਂ ਨਾਲ ਲਾ ਕੇ ਕੀ ਕਰਨਾ,

ਇਕ ਪਲ ਵਿਚ ਭੁੱਲ ਜਾਂਦੇ ਨੇ ਜੋ,

ਓਹ ਸ਼ਕਸ਼ਾਂ ਨਾਲ ਜਿਓਂ ਕੇ ਕੀ ਕਰਨਾ,

ਬੀਤ ਗਏ ਜੋ ਪਲਾਂ ਵਿਚ ਹੀ,

ਓਹ ਪਲਾਂ ਨੂੰ ਜਿਓਂ ਕੇ ਕੀ ਕਰਨਾ।

ਹੁਣ ਤਾਂ ਆਪਣਾ ਲਿਖਿਆ ਆਪ ਹੀ ਪੜਕੇ ਖੁਸ਼ ਹੋ ਲਈ ਦਾ ਹੈ।

ਏਦਾਂ ਦੀਆਂ ਕਵਿਤਾਵਾਂ ਮੈਂ ਕਈ ਵਾਰ ਲਿਖਿਆ ਕਰਦਾ ਹਾਂ।

ਜਦੋਂ ਮੈਨੂੰ ਉਸਦੀ ਯਾਦ ਆਉਂਦੀ ਹੈ। ਮਤਲਬ ਕਿ ਮੇਰਾ ਪਹਿਲਾ ਤੇ ਆਖਰੀ ਪਿਆਰ, ਜਿਨੂੰ ਮੈਂ ਅੱਜ ਤੱਕ ਨਹੀਂ ਭੁਲਾ ਸਕਿਆ ਹਾਂ। ਤੇ ਹੋ ਸਕਦਾ ਹੈ, ਕਦੀ ਭੁਲਾ ਵੀ ਨਾ ਪਾਵਾਂ...... ।

"ਓਏ ਪੁੱਤਰ ਰਹਿਮਾਨ, ਤੇਰਾ ਫੋਨ ਕਦੋਂ ਦਾ ਵੱਜੀ ਜਾਂਦਾ ਐ, 'ਤੇ ਤੂੰ ਪਤਾ ਨਹੀਂ ਕੀ ਲਿਖੀ ਜਾਂਦਾ ਐਂ। ਆ ਲੈ ਫੋਨ ਦੇਖਲਾ ਗੱਲ ਕਰਕੇ ਕੌਣ ਹੈ ?"

ਰਹਿਮਾਨ ---- ਲਿਓ... ਬੇਬੇ ... ਫੋਨ ।

ਰਹਿਮਨ ---- ਹੈਲੋ ਹਾਂਜੀ ਕੌਣ ?

? ---- ( ਭਾਰੀ ਆਵਾਜ਼ ) ਤੈਨੂੰ ਇਹ ਜਾਨਣ ਦੀ ਲੋੜ ਨਹੀਂ ਜਿੰਨਾ ਕਹਿੰਦਾ ਹਾਂ, ਓਨਾਂ ਕਰ ।

ਰਹਿਮਨ ---- ( ਬੇਚੈਨੀ ਵਿੱਚ ) ਪਰ ਤੁਸੀ ਹੋ ਕੌਣ ਜਨਾਬ ?

? ---- ( ਭਾਰੀ ਆਵਾਜ਼ ਗੁੱਸੇ ਵਿਚ ) ਤੈਨੂੰ ਕਿਹਾ ਨਾ, ਜਿੰਨਾ ਕਹਿੰਦਾ ਓਨਾਂ ਕਰ । ਜਿਆਦਾ ਦਿਮਾਗ ਲਾਉਣ ਦੀ ਲੋੜ ਨਹੀਂ, ਨਹੀ ਤੇ ਆਪਣਾ ਹਿਸਾਬ - ਕਿਤਾਬ ਲਾ ਲਈਂ ਫੇਰ ।

ਰਹਿਮਾਨ ---- ( ਡਰਿਆ ਹੋਇਆ ) ਹਾਂਜੀ ਦੱਸੋ ਕਿ ਕੰਮ ਹੈ, ਮੇਰੇ ਨਾਲ !

? ---- ਤੇਰੀ ਬੇਟੀ ਸਾਡੇ ਕੱਬਜੇ ਵਿੱਚ ਹੈ।

ਰਹਿਮਾਨ ---- ਮੇਰੀ ਬੇਟੀ ! ਪਰ ਮੇਰਾ ਤੇ ਹਲੇ ਵਿਆਹ ਹੀ ਨਹੀਂ ਹੋਇਆ ਹੈ । ( ਹੈਰਾਨੀ ਵਿਚ)

? ---- ( ਭਾਰੀ ਆਵਾਜ਼ ਹੱਸਦੇ ਹੋਏ ) ਸਾਨੂੰ ਸਭ ਪਤਾ ਹੈ, ਤੇ ਇਹ ਵੀ ਪਤਾ ਹੈ। ਕਿ ਤੇਰਾ ਵੱਡਾ ਭਰਾ ਪੁਲਿਸ ਵਿਚ ਹੈ।

ਰਹਿਮਾਨ ---- ਤੇ ਫਿਰ ਕਿਵੇਂ ਬੋਲ ਰਹੇ ਹੋ, ਯਾਰ ਕਿਤੇ ਕੋਈ ਮਜ਼ਾਕ ਤਾਂ ਨਹੀਂ ਕਰਦੇ ਪਏ ਹੋ ?

? --- ਇਹ ਕੋਈ ਮਜ਼ਾਕ ਨਹੀ ਹੈ, ਜੇ ਤੂੰ ਇਸ ਬੱਚੀ ਨੂੰ ਬਚਾਉਣਾ ਚਾਹੁੰਦਾ ਹੈ। ਤਾਂ ਜੌ ਮੈਂ ਕਹਿੰਦਾ ਹਾਂ, ਓਹ ਕਰ, ਲੈ ਸੁਣ ਬੱਚੀ ਦੀ ਆਵਾਜ਼।

ਬੱਚੀ ---- ਮੰਮਾ, ਮੁਜੇ ਜਹਾ ਸੇ ਲੇ ਜਾਓ, ਜੇ ਅੰਕਲ ਬਹੁਤ ਤੰਗ ਕਰਤੇ ਹੈਂ ।

ਰਹਿਮਾਨ ---- ਹਾਂ .... ਹਾਂ ਬੇਟਾ ਮੈਂ ਕਰਦਾ ਕੁਝ।

? ------ ਸੁਣ ਲਈ ਆਵਾਜ਼ ਬੱਚੀ ਦੀ, ਦੇਖਿਆ ਕਿੰਨੀ ਡਰੀਂ ਤੇ ਸਹਿਮੀ ਆ ।

ਰਹਿਮਾਨ ---- ਸਰ ਮੈਨੂੰ ਲਗਦਾ ਤੁਹਾਡਾ ਰੌਂਗ ਨੰਬਰ ਲੱਗ ਗਇਆ ਹੈ।

? ---- ਚੁੱਪ ਕਰ ਓਏ..... ਲੱਗਦਾ ਰੌਂਗ ਨੰਬਰ ਦਾ, ਹੁਣ ਮੇਰੀ ਗੱਲ ਕੰਨ ਖੋਲ ਕੇ 'ਤੇ ਧਿਆਨ ਨਾਲ ਸੁਣ......।

ਰਹਿਮਾਨ ----- ਹਾਂਜੀ ਦੱਸੋ। ( ਡਰਿਆ ਹੋਇਆ ਬੋਲਿਆ )

? ---- ਵੀਹ ਲੱਖ ਰੁਪੱਈਆ ਲੈਕੇ ਸਾਡੀ ਦੱਸੀ ਜਗ੍ਹਾ ਉਤੇ ਅਜਾਈਂ। ਤੇ ਜੇ ਪੁਲਿਸ ਨੂੰ ਦੱਸਣ ਦੀ ਕੋਸ਼ਿਸ਼ ਕੀਤੀ। ਤੇ ਫੇਰ ਤੇਰੀ ਤੇ ਤੇਰੇ ਪਰਿਵਾਰ ਦੀ ਖੈਰ ਨਹੀਂ।

ਰਹਿਮਾਨ ---- ਮੈਂ ਕਿਸੇ ਨੂੰ ਕੋਈ ਖਬਰ ਨਹੀਂ ਕਰਦਾ। ਪਰ ਮੈਂ ਏਨੇ ਪੈਸੇ ਕਿੱਥੋਂ ਲੈਕੇ ਆਵਾਂਗਾ ? ਮੈਂ ਤਾਂ ਪਹਿਲਾਂ ਹੀ ਕਿਸੇ ਕੰਮ ਕਾਰ ਤੇ ਨਹੀਂ ਹਾਂ, ਤੇ ਦੂਜਾ ਮੇਰਾ ਬਾਪੂ ਮੈਂਨੂੰ ਸਾਰਾ ਦਿਨ ਵਿਹੜ - ੨ ਬੋਲ - ੨ ਮੈਂਨੂੰ ਤਾਹਨੇ - ਮਿਹਣੇ ਦੇਂਦਾ ਰਹਿੰਦਾ ਹੈ।

? ---- ਓ ਯਾਰ ਤੂੰ ਪਹਿਲਾਂ ਸਾਰੀ ਗੱਲ ਸੁਣ ਲਿਆ ਕਰ ਫੇਰ ਬੋਲਿਆ ਕਰ, ਅਸੀਂ ਤੈਨੂੰ ਇਕ ਫੋਨ ਨੰਬਰ ਭੇਜਦੇ ਵਾਂ।

ਜੋ ਕਿ ਇਸ ਬੱਚੀ ਦੇ ਘਰ ਦਾ ਹੈ। ਤੂੰ ਓਨਾਂ ਨੂੰ ਫੋਨ ਲਾਕੇ..... ਵੀਹ ਲੱਖ ਰੁਪਿਆ ਮੰਗ.... ਬਾਕੀ ਗੱਲ ਮੈਂ ਤੈਨੂੰ ਬਾਦ 'ਚ ਦਸਾਂਗਾ। ਕਿ ਅੱਗੇ ਕੀ ਕਰਨਾ ਹੈ। ਤੇ ਹਾਂ ਕੋਈ ਚਾਲਾਕੀ ਨਹੀਂ, ਕਿਉਂਕਿ ਤੂੰ ਜੋ ਵੀ ਗੱਲ ਫੋਨ ਉਤੇ ਕਰੇਗਾਂ ਸਾਨੂੰ ਸਾਰਾ ਪਤਾ ਚੱਲੇਗਾ ਕਿ, ਕੀ ਗੱਲ ਹੋ ਰਹੀ ਹੈ। ਚੱਲ ਜਲਦੀ ਵਾਪਿਸ ਫੋਨ ਕਰੀਂ...... ।

ਰਹਿਮਾਨ ----- ਠੀਕ ਹੈ....।

ਬੇਬੇ - ਕੀ ਹੋਇਆ ਰਹਿਮਾਨ..... ? ਤੇਰੇ ਮੂੰਹ ਉਤੇ ਏਨਾਂ ਪਸੀਨਾ ਕਿਉਂ ਆਇਆ ਹੋਇਆ ਹੈ ? ਨਾਲੇ ਕਿਸਦਾ ਫੋਨ ਸੀ। ਬੜੀ ਦੇਰ ਦਾ ਗੱਲਾਂ ਮਾਰੀਂ ਜਾਂਦਾ ਸੀ। ( ਬੇਬੇ ਮੇਰੇ ਕਮਰੇ ਵਿਚ ਰੋਟੀ ਲਿਆਈ ਬੋਲੀ)

ਰਹਿਮਾਨ - ਓ ਕਿਸੇ ਦਾ ਨਹੀਂ ਬੇਬੇ..... ਬਸ ਕਿਸੇ ਦੋਸਤ ਦਾ ਸੀ।

ਬੇਬੇ - ਠੀਕ ਹੈ..... ਚੱਲ ਫੇਰ.... ਹੁਣ ਰੋਟੀ ਖਾਲਾ।

ਰਹਿਮਾਨ - ਕੋਈ ਨਾ ਬੇਬੇ..... ਮੈਂ ਖਾ ਲਵਾਂ ਗਾ । ਹਲੇ ਮੈਨੂੰ ਕੁਝ ਕੰਮ ਹੈ।

ਬੇਬੇ - ਠੀਕ ਹੈ, ਤੇਰੀ ਮਰਜ਼ੀ। ( ਬੇਬੇ ਚਲੀ ਜਾਂਦੀ)

ਏਨਾਂ ਆਖ ਕੇ ਬੇਬੇ ਮੇਰੇ ਕਮਰੇ ਵਿਚੋ ਚਲੀ ਗਈ।

ਕੁਝ ਦੇਰ ਬਾਅਦ ਮੇਰੇ ਵਟਸਐਪ ਉਤੇ ਇਕ ਮੈੱਸਜ ਆਇਆ।

( ਜਿਸ ਵਿਚ ਕਿਡਨੈਪਰ ਨੇ ਬੱਚੀ ਦੇ ਘਰ ਦਾ ਫੋਨ ਨੰਬਰ ਸੈਂਡ ਕੀਤਾ)

ਮੈਂ ਦੇਰ ਨਾ ਕਰਦੇ ਹੋਏ ਬੱਚੀ ਦੇ ਘਰ ਦਾ ਫੋਨ ਨੰਬਰ ਡਾਇਲ ਕੀਤਾ।

ਤੇ ਫੋਨ ਲਾਇਆ।

ਰਹਿਮਾਨ ----- ਹੈਲੋ.... ।

ਬੱਚੀ ਦੀ ਮਾਂ ----- ਹਾਂਜੀ ਕੌਣ....?

ਰਹਿਮਾਨ ----- ਜੀ ਮੈਂ.... ( ਪਹਿਲਾ ਗੱਲ ਕਰਦਾ ਰੁੱਕ ਗਿਆ, ਫੇਰ ਬੋਲਿਆ ) ਤੇਰੀ ਬੱਚੀ ਮੇਰੇ ਕੱਬਜੇ ਵਿੱਚ ਹੈ। ਜੇ ਤੈਨੂੰ ਉਸਦੀ ਜਾਨ ਬਚਾਉਣੀ ਹੈ, ਤੇ ਵੀਹ ਲੱਖ ਰੁਪਏ ਦਾ ਇੰਤਜ਼ਾਮ ਕਰ। ਤੇ ਹਾਂ ਜੇ ਪੁਲਿਸ ਨੂੰ ਦੱਸਣ ਦੀ ਕੋਸ਼ਿਸ਼ ਕੀਤੀ । ਫਿਰ ਮੇਰੇ ਤੋ ਬੁਰਾ ਕੋਈ ਨਹੀਂ ਹੋਵੇਗਾ ।

ਬੱਚੀ ਦੀ ਮਾਂ ----- ਕੀ - ੨ ਬੋਲ ਰਹੇ ਹੋ ? ਪਲੀਜ਼ ਏਦਾਂ ਦਾ ਕੁਝ ਨਾ ਕਰਨਾ ਮੇਰੀ ਬੱਚੀ ਦੀ ਜਾਨ ਬਕਸ਼ ਦੋ ! ਤੁਹਾਨੂੰ ਜੋ ਚਾਹੀਦਾ ਹੈ। ਮੈਂ ਦੇਦਾਂ ਗੀ । ਪਰ ਪਲੀਜ਼..... ਮੇਰੀ ਬੱਚੀ ਮੈਨੂੰ ਵਾਪਿਸ ਕਰਦੋ।

( ਰੋਂਦੀ ਹੋਈ, ਤੇ ਬੇਵਸ ਹੋਈ ਬੋਲੀ)

ਰਹਿਮਾਨ ---- ਠੀਕ ਹੈ.... ਮੇਰੀ ਕਾੱਲ ਦਾ ਇੰਤਜ਼ਾਰ ਕਰਿਓ... ।

ਬੱਚੀ ਦੀ ਮਾਂ ---- ਠੀਕ ਹੈ.... ਪਰ ਪਲੀਜ਼ ਮੇਰੀ ਬੱਚੀ ਦਾ ਖਿਆਲ ਰੱਖਣਾ।

ਰਹਿਮਾਨ ---- ਹਮ - ੨ .... ਠੀਕ ਹੈ।

ਬੱਚੀ ਦੀ ਮਾਂ ਦੀ ਆਵਾਜ਼ ਕੁਝ ਜਾਣੀ ਪਹਿਚਾਣੀ ਸੀ। ਪਰ ਕਿਸੇ ਮਾਂ ਦਾ ਦਿਲ ਦੁਖਾ ਕੇ ਮੈਨੂੰ ਭੋਰਾ ਵੀ ਚੰਗਾ ਨਾ ਲੱਗਾ।

ਕੁਝ ਦੇਰ ਬਾਦ ਮੈਨੂੰ ਕਿਡਨੈਪਰ ਦਾ ਫੋਨ ਆਇਆ।

ਕਿਡਨੈਪਰ - ਹਾਂ ਹੋਗੀ ਗੱਲ ?

ਰਹਿਮਾਨ - ਹਾਂਜੀ ਹੋ ਗਈ।

ਕਿਡਨੈਪਰ ---- ਮੈਂ ਤੈਨੂੰ ਜਿਸ ਜਗ੍ਹਾ ਤੇ ਪੈਸੇ ਲੈਣੇ ਹੈ, ਉਹਦੀ ਲੁਕੇਸ਼ਨ ਭੇਜਦਾ ਵਾਂ । ਪਰ ਧਿਆਨ ਰੱਖੀਂ ਮੈਂ ਕੋਈ ਰਿਸਕ ਨਹੀਂ ਲੈਣਾ ਚਾਹੁੰਦਾ, ਜਿੱਥੇ ਮੈਨੂੰ ਲੱਗਾ ਕਿ ਤੂੰ ਕੋਈ ਚਲਾਕੀ ਕਰਦਾ ਪਿਆ ਹੈਂ । ਉਸੀ ਵਕਤ ਮੈਂ ਆਪਣੇ ਆਦਮੀ ਭੇਜ ਕੇ ਤੇਰੇ ਘਰ ਨੂੰ ਅੱਗ ਲਵਾ ਦਵਾਂਗਾ, ਲੱਗੀ ਸਮਝ ਮੇਰੀ ਗੱਲ ਦੀ ।

ਰਹਿਮਾਨ ---- ਪਲੀਜ਼ ਤੁਸੀ ਏਦਾਂ ਦਾ ਕੁਝ ਨਾ ਕਰਨਾ, ਮੈਂ ਤੁਹਾਡੇ ਕਹਿਣ ਮੁਤਾਬਿਕ ਕੰਮ ਕਰਦਾ ਪਿਆ ਹਾਂ ।

ਕਿਡਨੈਪਰ ---- ਜੇ ਬੱਚੀ ਦੀ ਮਾਂ ਤੈਨੂੰ ਬੱਚੀ ਨਾਲ ਗੱਲ ਕਰਵਾਉਣ ਨੂੰ ਬੋਲੇ, ਤੇ ਸਿੱਧਾ ਬੋਲਦੀ ਜੇ ਬੱਚੀ ਜ਼ਿੰਦਾ ਚਾਹੀਦੀ ਹੈ ਤੇ ਕੁਝ ਦੇਰ ਗੱਲ ਨਾ ਹੀ ਕਰੇਂ ਤਾਂ ਚੰਗਾ ਹੈ ।

ਰਹਿਮਾਨ ---- ਠੀਕ ਹੈ ਜਿੱਦਾਂ ਤੁਸੀਂ ਕਹੋ ।

ਕਿਡਨੈਪਰ ----- ਮੇਰੇ ਫੋਨ ਕੱਟਣ ਤੋਂ ਬਾਅਦ ਆਪਣਾ ਮੋਬਾਈਲ ਚੈੱਕ ਕਰੀਂ ਮੈਂ ਤੈਨੂੰ ਲੁਕੇਸ਼ਨ ਭੇਜਦਾ ਹਾਂ ।

ਰਹਿਮਾਨ ---- ਠੀਕ ਹੈ ।

ਕਿਡਨੈਪਰ ਦੇ ਫੋਨ ਕੱਟਣ ਤੋਂ ਬਾਅਦ ਮੈਂ ਆਪਣੇ ਸਿਰ ਤੇ ਹੱਥ ਮਾਰਕੇ ਕਲਪਣ ਲੱਗਾ। ਕਿ ਰੱਬਾ ਮੈਨੂੰ ਕਿਹੜੀ ਮੁਸੀਬਤ ਵਿੱਚ ਫਸਾ ਦਿੱਤਾ ਹੈ ।

ਕੋਈ ਰਾਸਤਾ ਤੇ ਦੱਸ ਮੈਂ ਕੀ ਕਰਾਂ । ਪਰ ਹੁਣ ਬੱਚੀ ਨੂੰ ਬਚਾਉਣਾ ਤੇ ਪਊ । ਥੋੜੀ ਦੇਰ ਬਾਅਦ ਮੈਨੂੰ ਮੋਬਾਇਲ ਤੇ ਇਕ ਨੋਟੀਫਿਕੇਸ਼ਨ ਮਿਲਿਆ । ਮੈਂ

ਆਪਣਾ ਮੋਬਾਇਲ ਦੇਖਿਆ। ਕਿਡਨੈਪਰ ਨੇ ਮੈਨੂੰ ਜਗ੍ਹਾ ਦੀ ਲੁਕੇਸ਼ਨ ਭੇਜ ਦਿੱਤੀ ਸੀ ।

ਮੈਂ ਥੋੜ੍ਹੀ ਦੇਰ ਬਾਅਦ ਫਿਰ ਬੱਚੀ ਦੀ ਮਾਂ ਨੂੰ ਫੋਨ ਕੀਤਾ।

ਰਹਿਮਾਨ ---- ਪੈਸਿਆਂ ਦਾ ਇੰਤਜ਼ਾਮ ਕਰ ਲਓ ।

ਬੱਚੀ ਦੀ ਮਾਂ ---- ਹਾਂ ਜੀ ਮੈਂ ਤਾਂ ਤੁਹਾਡੇ ਫੋਨ ਦਾ ਹੀ ਵੇਟ ਕਰਦੀ ਪਈ ਸੀ । ( ਘਬਰਾਈ ਹੋਈ ਕਾਹਲੀ ਵਿੱਚ ਬੋਲੀ )

ਰਹਿਮਾਨ ----- ਪਰ ਜੇ ਕੋਈ ਚਲਾਕੀ ਕੀਤੀ। ਤਾਂ ਆਪਣੀ ਬੱਚੀ ਦਾ ਹਿਸਾਬ ਲਾ ਲਈਂ ।

ਬੱਚੀ ਦੀ ਮਾਂ ---- ਜੀ ਪਲੀਜ਼ ਤੁਸੀਂ ਮੇਰੀ ਬੱਚੀ ਨੂੰ ਕੁਝ ਨਾ ਕਰਨਾ । ਤੁਹਾਨੂੰ ਪੈਸੇ ਚਾਹੀਦੇ ਹੈ ਮੈਂ ਉਸ ਦਾ ਇੰਤਜ਼ਾਮ ਕਰ ਲਿਆ ਹੈ ।

ਇਸ ਦੇ ਬਾਰੇ ਮੈਂ ਮੇਰਾ ਪਰਿਵਾਰ ਪੁਲਿਸ ਜਾਂ ਕਿਸੇ ਹੋਰ ਨਾਲ ਕੋਈ ਗੱਲ ਨਹੀਂ ਕਰੇਗਾ । ਤੁਸੀਂ ਬੱਸ ਮੈਨੂੰ ਮੇਰੀ ਬੱਚੀ ਨੂੰ ਲੋਟਾ ਦੋ ।

ਰਹਿਮਾਨ ----- ਠੀਕ ਹੈ, ਮੈਂ ਜਿਸ ਜਗ੍ਹਾ ਤੇ ਤੁਹਾਨੂੰ ਬੁਲਾਵਾਂਗਾ ।

ਓਥੇ ਪੈਸੇ ਲੈ ਕੇ ਆ ਜਾਣਾ , ਪਰ ਹਾਂ .... ਜਿੱਦਾਂ ਮੈਂ ਪਹਿਲਾਂ ਕਿਹਾ ਸੀ । ਕੋਈ ਚਲਾਕੀ ਨਹੀਂ ਕਰਨੀ ।

ਬੱਚੀ ਦੀ ਮਾਂ ---- ਮੈਨੂੰ ਸਿਰਫ ਮੇਰੀ ਬੱਚੀ ਦੀ ਲੋੜ ਹੈ ।

ਰਹਿਮਾਨ ---- ਤੁਹਾਨੂੰ ਤੁਹਾਡੀ ਬੱਚੀ ਮਿਲ ਜਾਏਗੀ ।

ਬੱਚੀ ਦੀ ਮਾਂ ---- ਕੀ ਮੈਂ ਆਪਣੀ ਬੱਚੀ ਨਾਲ ਗੱਲ ਕਰ ਸਕਦੀ ਹਾਂ। ਕਿ ਉਹ ਕਿਸ ਹਾਲ ਵਿੱਚ ਹੈ , ਮੇਰਾ ਚਿੱਤ ਮੈਨੂੰ ਵੱਢ ਵੱਢ ਖਾਂਦਾ ਪਿਆ ਹੈ ।

ਰਹਿਮਾਨ ----- ਬੱਚੀ ਸਹੀ ਸਲਾਮਤ ਵਾਪਸ ਚਾਹੀਦੀ ਹੈ ਨਾ।

ਬੱਚੇ ਦੀ ਮਾਂ ---- ਹਾਂ ਹਾਂ !

ਰਹਿਮਾਨ ----- ਜਦ ਘਰ ਆ ਗਈ ਜਿੰਨੀਆਂ ਮਰਜ਼ੀ ਗੱਲਾਂ ਕਰੀਂ ।

ਬੱਚੀ ਦੀ ਮਾਂ ----- ਮੇਰੇ ਕੋਲੋਂ ਮੇਰੀ ਬੱਚੀ ਬਿਨਾਂ ਰੈਹਾ ਨਹੀਂ ਜਾ ਰਿਹਾ !

ਰਹਿਮਾਨ ----- ਏ ਸਬ ਡਰਾਮਾ ਮੇਰੇ ਸਾਹਮਣੇ ਨਹੀਂ ਕਰਨਾ।

ਮੈਂ ਲੁਕੇਸ਼ਨ ਭੇਜਦਾ ਹਾਂ ਮੇਰੀ ਦੱਸੀ ਜਗ੍ਹਾ ਤੇ 20 ਲੱਖ ਰੁਪਏ ਲੈ ਕੇ ਆ ਜਾਵੀਂ ।

ਬੱਚੀ ਦੀ ਮਾਂ ---- ਠੀਕ ਹੈ । ( ਢਿੱਲੀ ਜਿਹੀ ਆਵਾਜ਼ ਵਿੱਚ ਬੋਲੀ )

ਮੈਂ ਕਿਡਨੈਪਰ ਦੀ ਭੇਜੀ ਲੁਕੇਸ਼ਨ ਬੱਚੀ ਦੀ ਮਾਂ ਨੂੰ ਭੇਜ ਦਿੱਤੀ।

ਉਸ ਤੋਂ ਥੋੜ੍ਹੀ ਦੇਰ ਬਾਅਦ ਮੈਂ ਕਿਡਨੈਪਰ ਨੂੰ ਫੋਨ ਕੀਤਾ ।

ਰਹਿਮਾਨ ----- ਮੈਂ ਤੁਹਾਡੀ ਦੱਸੀ ਜਗ੍ਹਾ ਦੀ ਲੁਕੇਸ਼ਨ ਬੱਚੀ ਦੀ ਮਾਂ ਨੂੰ ਭੇਜ ਦਿੱਤੀ ਹੈ ।

ਕਿਡਨੈਪਰ ----- ਠੀਕ ਹੈ, ਹੁਣ ਜਿੱਦਾਂ ਮੈਂ ਕਹਿੰਦਾ ਹਾਂ ਓਦਾਂ ਕਰ । ਮੇਰਾ ਆਦਮੀ ਤੈਨੂੰ ਇੱਕ ਨਕਲੀ ਪਿਸਤੌਲ ਦੇਕੇ ਜਾਵੇਗਾ ।

ਤੇ ਬੱਚੀ ਦੀ ਮਾਂ ਨੂੰ ਤੂੰ ਸੱਤ ਵਜੇ ਉਸ ਜਗ੍ਹਾ ਤੇ ਬੁਲਾ ਕੇ ਪੈਸੇ ਲਵੇਂਗਾ ।

ਫਿਰ ਸੱਤ ਵੱਜ ਕੇ 15 ਮਿੰਟ ਤੇ ਪੈਸਿਆਂ ਵਾਲਾ ਬੈਗ ਅਸੀਂ ਤੇਰੇ ਕੋਲ ਲਵਾਂਗੇ । ਤੇ ਬੱਚੀ ਨੂੰ ਤੇਰੇ ਹਵਾਲੇ ਕਰ ਦੇਵਾਂਗੇ । ਫਿਰ 7:30 ਮਿੰਟ ਤੇ ਤੂੰ ਬੱਚੀ ਨੂੰ ਉਸਦੀ ਮਾਂ ਦੇ ਹਵਾਲੇ ਕਰੇਂਗਾ । ਫਿਰ ਤੂੰ ਆਪਣੇ ਰਾਹ ਤੇ ਅਸੀਂ ਆਪਣੇ ਰਾਹ ਤੇ ਬੱਚੀ ਆਪਣੇ ਰਾਹ ।

ਰਹਿਮਾਨ ---- ਠੀਕ ਹੈ ।

ਮੈਂ ਕਿਡਨੈਪਰ ਨਾਲ ਗੱਲ ਕਰ ਕੇ ਫੋਨ ਰੱਖ ਦਿੱਤਾ ।

ਤੇ ਮਨ ਵਿਚ ਸੋਚਣ ਲੱਗਾ - ਕਿ ਸ਼ੁਕਰ ਇਹ ਮੁਸੀਬਤ ਕੱਲ ਮੇਰੇ ਗਲੋਂ ਲੱਥ ਜਾਏਗੀ । ਸ਼ਾਮ ਦੇ ਵੇਲੇ ਕਿਡਨੈਪਰ ਦਾ ਆਦਮੀ ਆਕੇ ਮੈਨੂੰ ਇੱਕ ਪਿਸਤੌਲ ਦੇ ਗਿਆ । ਮੈਂ ਕਿਡਨੈਪਰ ਦੇ ਆਦਮੀ ਦਾ ਚਿਹਰਾ ਨਹੀਂ ਦੇਖ ਸਕਿਆ । ਕਿਉਂਕਿ ਉਸਨੇ ਆਪਣੇ ਮੂੰਹ ਤੇ ਇਕ ਨਕਾਬ ਪਾਇਆ ਹੋਇਆ ਸੀ । ਫਿਰ ਮੈਂ ਕੱਲ ਸਵੇਰੇ 7 ਵਜੇ ਦਾ ਟਾਈਮ ਰੱਖ ਕੇ, ਬੱਚੀ ਦੀ ਮਾਂ ਨੂੰ ਕਿਡਨੈਪਰ ਦੀ ਦੱਸੀ ਜਗ੍ਹਾ ਤੇ ਬੁਲਾ ਲਿਆ ।

ਮੇਰੇ ਜਾਣ ਤੋਂ ਪਹਿਲਾਂ ਉਸ ਜਗ੍ਹਾ ਤੇ ਕੋਈ ਨਹੀਂ ਸੀ। ਜਗ੍ਹਾ ਏਦਾਂ ਦੀ ਸੀ, ਜਿਵੇਂ ਕੋਈ ਖੰਡਰ ਹੋਵੇ । ਤੇ ਉਸ ਜਗ੍ਹਾ ਨੂੰ ਦੇਖ ਕੇ ਏਦਾਂ ਲੱਗਦਾ ਸੀ , ਕਿ ਜਿਵੇਂ ਸਦੀਆਂ ਤੋਂ ਕੋਈ ਉੱਥੇ ਆਇਆ ਹੀ ਨਾ ਹੋਵੇ । ਬੜੀ ਡਰਾਉਣੀ ਤੇ ਭਿਆਨਕ ਜਗ੍ਹਾ ਸੀ । ਵਿਚੋਂ ਵਿਚ ਮੇਰਾ ਦਿਲ ਵੀ ਡਰਦਾ ਪਿਆ ਸੀ । ਪਰ ਮੈਂ ਕੀ ਕਰਾਂ ਮੇਰਾ ਤੇ ੳ ਹਾਲ ਹੋਇਆ ਸੀ । ਜਿਵੇਂ ਸੱਪ ਦੇ ਮੂੰਹ ਕੋਹੜ ਕਿਰਲੀ ਆ ਗਈ ਹੋਵੇ ।

ਜੇ ਨਿਗਲਾਂ ਤਾਂ ਵੀ ਮਰਦਾ, ਜੇ ਨਾ ਨਿਗਲਾਂ ਤਾਂ ਵੀ ਮਰਦਾ।

ਮੈਂ ਆਪਣਾ ਮੂੰਹ ਇਕ ਨਕਾਬ ਦੇ ਨਾਲ ਢੱੱਕਿਆ ਹੋਇਆ ਸੀ । ਤੇ ਇਕ ਏਦਾਂ ਦੀ ਜਗ੍ਹਾ ਤੇ ਲੁੱਕ ਕੇ ਬੈਠਾ ਸੀ । ਜਿਥੋਂ ਮੈਨੂੰ ਆਉਣ ਜਾਣ ਵਾਲਾ ਹਰ ਕੋਈ ਦਿੱਖ ਸਕਦਾ ਸੀ । ਪਰ ਮੈਂ ਨਹੀਂ ।

ਥੋੜੀ ਦੇਰ ਬਾਦ ਮੈਨੂੰ ਇੱਕ ਕਾਰ ਦਾ ਹੋਰਨ ਸੁਣਾਈ ਦਿੱਤਾ । ਕਾਰ ਖਾਲੀ ਜਗ੍ਹਾ ਦੇ ਸੈਂਟਰ ਵਿਚ ਆਕੇ ਰੁਕ ਗਈ ।

ਕਾਰ ਦੇ ਵਿਚੋਂ ਇਕ ਉੱਚੀ-ਲੰਮੀ ਬਹੁਤ ਸੋਹਣੀ ਵਿਆਹੀ ਕੁੜੀ ਨਿਕਲੀ । ਹਾਲੇ ਉਸ ਦਾ ਚਿਹਰਾ ਮੈਨੂੰ ਨਜ਼ਰ ਨਹੀਂ ਆ ਰਿਹਾ ਸੀ।

ਜਦੋਂ ਉਸ ਨੇ ਚਾਰੇ ਪਾਸੇ ਵੇਖਣ ਲਈ ਆਪਣਾ ਮੂੰਹ ਘੁਮਾਇਆ ।

ਮੈਂ ਉਸ ਨੂੰ ਦੇਖ ਕੇ ਦੰਗ ਰਹਿ ਗਿਆ ।

ਕਿਉਂਕਿ ਉਹ ਕੋਈ ਹੋਰ ਨਹੀਂ ਸੀ। ਉਹੀ ਮੇਰਾ ਪਹਿਲਾ ਤੇ ਆਖ਼ਰੀ ਪਿਆਰ "ਮੇਰੀ ਮੁਸਕਾਨ ਸੀ ।"

ਮੈਂ ਉਸ ਨੂੰ ਵਿਆਹ ਤੋਂ ਬਾਅਦ ਅੱਜ ਦੇਖ ਰਿਹਾ ਸੀ । ਪਰ ਕਿਹੜੇ ਹਾਲ ਵਿੱਚ ਮੈਂ ਬਿਆਨ ਨਹੀਂ ਕਰ ਸਕਦਾ । ਇੱਕ ਪਾਸੇ ਮੈਨੂੰ ਖੁਸ਼ੀ ਵੀ ਸੀ ਤੇ ਦੂਜੇ ਪਾਸੇ ਦੁੱਖ ਵੀ ਸੀ । ਕਿ ਮੈਂ ਜਿਨੂੰ ਪਿਆਰ ਕਰਦਾ ਸੀ । ਉਹਨੂੰ ਇੰਨੀ ਤਕਲੀਫ਼ ਕਿਉਂ ਦਿੱਤੀ ? ਕਿਉਂ ਮੈਂ ਇੱਕ ਵਾਰ ਵੀ ਨਹੀਂ ਸੋਚਿਆ ਉਸਦੇ ਬਾਰੇ । ਮੇਰੇ ਫੋਨ ਤੇ ਬਾਰ-ਬਾਰ ਕਾੱਲ ਆ ਰਹੀਆਂ ਸੀ । ਇਹ ਕਾੱਲਸ ਕਿਸੇ ਹੋਰ ਦੀਆਂ ਨਹੀਂ ਸੀ ਬੱਚੀ ਦੀ ਮਾਂ ਦੀਆਂ ਸੀ । ਮੈਂ ਫੋਨ ਚੁੱਕ ਕੇ ਬੱਚੀ ਦੀ ਮਾਂ ਨੂੰ (ਭਾਰੀ ਆਵਾਜ਼) ਵਿੱਚ ਕਿਹਾ ।

ਰਹਿਮਾਨ ---- ਪੈਸੇ ਲੈਕੇ ਆਏ ਹੋ ?

ਬੱਚੀ ਦੀ ਮਾਂ ( ਮੁਸਕਾਨ ਕਾਹਲੀ ਵਿੱਚ ਬੋਲੀ ) ----- ਹਾਂ ਜੀ ਮੈਂ ਲੈ ਕੇ ਆਈ ਆਂ ।

ਪਰ ਪਹਿਲਾਂ ਮੈਂ ਆਪਣੀ ਬੱਚੀ ਨੂੰ ਮਿਲਣਾ ਹੈ । ਤੇ ਫਿਰ ਤੁਹਾਨੂੰ ਪੈਸੇ ਮਿਲਣਗੇ ।

ਰਹਿਮਾਨ ---- ਫੇਰ ਤੂੰ ਐਦਾਂ ਕਰ । ਘਰ  ਚਲੀ ਜਾ ਤੇਰੀ ਬੱਚੀ ਦੀ ਲਾਸ਼ ਘਰੇ ਪਹੁੰਚ ਜਾਊਗੀ ।

ਮੁਸਕਾਨ ----- ਪਲੀਜ਼ ਏਦਾਂ ਨਾ ਬੋਲੋ ! ਮੇਰੀ ਬੱਚੀ ਨੂੰ ਕੁਝ ਨਾ ਕਰਨਾ । ਤੁਸੀਂ ਜਿੱਦਾਂ ਚਾਹੁੰਦੇ ਹੋ ਮੈਂ ਓਦਾਂ ਹੀ ਕਰਨ ਨੂੰ ਤਿਆਰ ਹਾਂ ।

ਰਹਿਮਾਨ ------ ਠੀਕ ਹੈ ਫਿਰ ਪੈਸਿਆਂ ਵਾਲਾ ਬੈਗ ਰੱਖ ਕੇ । ਪਿੱਛੇ ਹੋ ਕੇ ਖਲੋ ਜਾਹ ।

ਮੁਸਕਾਨ ਨਾਲ ਫੋਨ ਤੇ ਗੱਲ ਕਰਕੇ ਮੈਂ ਫੋਨ ਕੱਟ ਦਿੱਤਾ । ਤੇ ਲੁਕੀ ਹੋਈ ਜਗ੍ਹਾ ਤੋਂ ਬਾਹਰ ਨਿਕਲ ਕੇ ਮੈਂ ਪੈਸਿਆਂ ਵਾਲੇ ਬੈਗ ਕੋਲ ਚਲਾ ਗਿਆ । ਤੇ ਪੈਸਿਆਂ ਵਾਲਾ ਬੈਗ ਚੁੱਕ ਕੇ ਮੋਢੇ ਤੇ ਰੱਖ ਲਿਆ । ਕਰੀਬ ਦੱਸ ਫੁੱਟ ਦੀ ਦੂਰੀ ਤੇ ਮੁਸਕਾਨ ਮੇਰੇ ਸਾਹਮਣੇ ਹੱਥ ਜੋੜ ਕੇ ਮੈਨੂੰ ਦੇਖ ਰਹੀ ਸੀ । ਤੇ ਆਪਣੀ ਬੱਚੀ ਦੀ ਜਾਨ ਦੀ ਭੀਖ ਮੰਗ ਰਹੀ ਸੀ । ਮੈਂ ਮੁਸਕਾਨ ਨੂੰ ਹੱਥ ਨਾਲ ਇਸ਼ਾਰਾ ਕਰ ਕੇ ਇੰਤਜ਼ਾਰ ਕਰਨ ਨੂੰ ਕਿਹਾ ।

ਫਿਰ ਮੈਂ ਜਾਣ ਲੱਗੇ ਨੇ ਮੁਸਕਾਨ ਨੂੰ ਕਿਹਾ - ਸਾਢੇ ਸੱਤ ਵਜੇ ਮੈ ਤੇਰੀ ਬੱਚੀ ਨੂੰ ਲੈ ਕੇ ਤੈਨੂੰ ਵਾਪਿਸ ਇੱਥੇ ਹੀ ਮਿਲਾਂਗਾ । ਮੈਂ ਮੁਸਕਾਨ ਨੂੰ ਏਨਾਂ ਆਖ ਕੇ ਉਥੋਂ ਬੱਚੀ ਨੂੰ ਕਿਡਨੈਪਰ ਕੋਲੋਂ ਲਿਆਉਣ ਲਈ ਨਿਕਲ ਤੁਰਿਆ।

ਮੈਂ ਮੁਸਕਾਨ ਨੂੰ ਉਸੇ ਹੀ ਜਗ੍ਹਾ ਤੇ ਰੁਕ ਕੇ ਇੰਤਜ਼ਾਰ ਕਰਨ ਨੂੰ ਕਹਿ ਕੇ ਕਿਡਨੈਪਰ ਦੀ ਬਲਾਈ ਜਗ੍ਹਾ ਤੇ ਚਲਾ ਗਿਆ ।

ਤਕਰੀਬਨ ਸੱਤ ਵੱਜ ਕੇ 14 ਮਿੰਟ ਹੋ ਚੁਕੇ ਸੀ, ਮੈਂ ਇੱਕ ਜਗ੍ਹਾ ਤੇ ਰੁਕ ਕੇ ਇੰਤਜ਼ਾਰ ਕਰਨ ਲੱਗਾ । ਥੋੜ੍ਹੀ ਦੇਰ ਬਾਅਦ ਮੇਰੀਆਂ ਅੱਖਾਂ ਸਾਹਮਣੇ ਇੱਕ ਬੜੀ ਤੇਜ਼ ਕਾਲੇ ਰੰਗ ਦੀ ਕਾਰ ਆਕੇ ਰੁਕੀ। ਉਹ ਕਾਰ ਦੇ ਵਿੱਚੋਂ ਇਕ ਉੱਚਾ-ਲੰਮਾ ਹੱਟਾ-ਕੱਟਾ ਆਦਮੀ ਬਾਹਰ ਆਇਆ। ਉਸਨੇ ਆਪਣਾ ਮੂੰਹ ਢੱਕਿਆ ਹੋਇਆ ਸੀ, ਮੇਰੇ ਵੱਲ ਦੇਖ ਕੇ ਮੈਨੂੰ ਆਪਣੇ ਕੋਲ ਆਉਣ ਨੂੰ ਇਸ਼ਾਰਾ ਕੀਤਾ ।

ਮੈਂ ਸਮਝ ਗਿਆ ਸੀ। ਕਿ ਇਹ ਕਿਡਨੈਪਰ ਹੀ ਹੋ ਸਕਦਾ ਹੈ, ਹੋ ਸਕਦਾ ਹੈ ਕਿ ਉਹ ਹੀ ਹੈ । ਮੈਂ ਪੈਸਿਆਂ ਵਾਲਾ ਬੈਗ ਮੋਢੇ ਤੇ ਪਾ ਕੇ ਉਸਦੇ ਵੱਲ ਜਾਣ ਲੱਗਾ ।

ਮੈਂ ਜਦ ਉਸ ਤੋਂ 10 ਕਦਮਾਂ ਦੀ ਦੂਰੀ ਤੇ ਪਹੁੰਚ ਗਿਆ ਤਾਂ ਉਸ ਨੇ ਮੈਨੂੰ ਰੁਕਣ ਨੂੰ ਦਾ ਇਸ਼ਾਰਾ ਕੀਤਾ । ਮੈਂ ਉਸੇ ਜਗ੍ਹਾ ਤੇ ਬਰਫ਼ ਵਾਂਗ ਖੜ੍ਹਾ ਜਮ ਗਿਆ। ਫਿਰ ਉਸ ਦੀ ਕਾਰ ਵਿੱਚੋਂ ਇੱਕ ਹੋਰ ਆਦਮੀ ਨਿਕਲਿਆ, ਜਿਸ ਦਾ ਮੂੰਹ ਵੀ ਢੱਕਿਆ ਹੋਇਆ ਸੀ, ਜੋ ਮੇਰੇ ਵੱਲ ਨੂੰ ਆਉਣ ਲੱਗਾ, ਮੇਰੇ ਕੋਲ ਆਣ ਕੇ ਮੈਨੂੰ ਕਹਿਣ ਲੱਗਾ ---- “ਪੈਸਿਆਂ ਵਾਲਾ ਬੈਗ ਮੈਨੂੰ ਫੜਾ ਦਿਓ ।”

ਮੈਂ ਕਿਹਾ ------ “ਪਹਿਲਾਂ ਮੈਨੂੰ ਬੱਚੀ ਚਾਹੀਦੀ ਹੈ ਫਿਰ ਪੈਸੇ ।”

ਉਸ ਨੇ ਕਿਡਨੈਪਰ ਨੂੰ ਇਸ਼ਾਰਾ ਕੀਤਾ। ਕਾਰ ਦੇ ਵਿਚੋਂ ਹੁਣ ਇਕ ਔਰਤ ਨਿਕਲੀ, ਉਸ ਨੇ ਵੀ ਆਪਣਾ ਮੂੰਹ ਢੱਕਿਆ ਹੋਇਆ ਸੀ।

ਉਸ ਨੇ ਬੱਚੀ ਦੀ ਬਾਂਹ ਫੜ ਕੇ ਬੱਚੀ ਨੂੰ ਕਾਰ ਤੋਂ ਬਾਹਰ ਕੱਢਿਆ । ਬੱਚੀ ਦੀਆਂ ਅੱਖਾਂ ਤੇ ਇਕ ਚਿੱਟੇ ਰੰਗ ਦੀ ਪੱਟੀ ਬੰਨ੍ਹੀ ਹੋਈ ਸੀ, ਬੱਚੀ ਦੀ ਉਮਰ ਤਕਰੀਬਨ, 7 ਸਾਲ ਹੀ ਸੀ, ਮੇਰੇ ਅੰਦਾਜ਼ੇ ਨਾਲ ।

ਮੈਂ ਬੱਚੀ ਨੂੰ ਦੇਖ ਕੇ ਹੀ ਉਸ ਦੀ ਤਕਲੀਫ ਨੂੰ ਸਮਝ ਗਿਆ ਸੀ। ਕਿਉਂਕਿ ਬੱਚੀ ਬਹੁਤ ਡਰੀ ਹੋਈ ਤੇ ਘਬਰਾਈ ਹੋਈ ਸੀ।

ਫਿਰ ਕਿਡਨੈਪਰ ਦਾ ਆਦਮੀ ਮੈਨੂੰ ਕਹਿਣ ਲੱਗਾ ----- “ਹਾਂ ਹੋਗੀ ਤਸੱਲੀ ਦੇਖ ਲਿਆ ਬੱਚੀ ਨੂੰ ... ਲਿਆ ਹੁਣ ਪੈਸਿਆਂ ਵਾਲਾ ਬੈਗ ਫੜਾ ਮੈਨੂੰ ।”

ਮੈਂ ਪੈਸਿਆਂ ਵਾਲਾ ਬੈਗ ਉਸ ਆਦਮੀ ਨੂੰ ਫੜਾ ਦਿੱਤਾ ।

ਜਿੱਦਾਂ ਹੀ ਉਹ ਪੈਸਿਆਂ ਵਾਲਾ ਬੈਗ ਮੇਰੇ ਕੋਲੋਂ ਲੈਕੇ ਕਿਡਨੈਪਰ ਵੱਲ ਨੂੰ ਗਿਆ, ਓਦਾਂ ਹੀ ਉਹ ਔਰਤ ਬੱਚੀ ਨੂੰ ਲੈ ਕੇ ਮੇਰੇ ਵੱਲ ਆਉਣ ਲੱਗੀ।

ਪੈਸਿਆਂ ਵਾਲਾ ਬੈਗ ਖੋਲ੍ਹ ਕੇ ਕਿਡਨੈਪਰ ਦੇਖਣ ਲੱਗਾ। ਜਦ ਉਸ ਨੇ ਪੂਰੀ ਤਸੱਲੀ ਕਰ ਲਈ, ਤੇ ਉਸ ਔਰਤ ਨੇ ਬੱਚੀ ਮੇਰੇ ਹਵਾਲੇ ਕਰ ਦਿੱਤੀ। ਤੇ ਜਲਦੀ ਨਾਲ ਦੇਰ ਨਾ ਕਰਦੇ ਹੋਏ ਕਾਰ ਵਿੱਚ ਬੈਠ ਕੇ ਤਿਨੋਂ ਉਸ ਜਗ੍ਹਾ ਤੋਂ ਹਨੇਰੀ ਬਣ ਫਰਾਰ ਹੋ ਗਏ।

ਹੁਣ ਬੱਚੀ ਮੇਰੇ ਕੁੱਛੜ ਸੀ, ਮੈਂ ਬੱਚੀ ਦੀਆਂ ਅੱਖਾਂ ਤੋਂ ਪੱਟੀ ਖੋਲ੍ਹੀ ਤੇ ਬੱਚੀ ਮੇਰੇ ਵੱਲ ਦੇਖਕੇ ਡਰ ਗਈ। ਤੇ ਰੌਲਾ ਪਾਉਣ ਲੱਗੀ। ਮੈਂ ਬੱਚੀ ਨੂੰ ਸ਼ਾਂਤ ਹੋਣ ਲਈ ਕਿਹਾ। ਤੇ ਨਾਲੇ ਇਹ ਵੀ ਕਿਹਾ ਕਿ ਮੈਂ ਤੇਰਾ ਅੰਕਲ ਲੱਗਦਾ ਹਾਂ। ਤੇ ਤੈਨੂੰ ਤੇਰੀ ਮੰਮਾ ਨੂੰ ਮਿਲਾਉਣ ਲਈ ਤੈਨੂੰ ਲੈਣ ਆਇਆਂ ਹਾਂ। ਇਸ ਦੇ ਨਾਲ ਉਸਨੂੰ ਕੁਝ ਹੌਸਲਾ ਮਿਲਿਆ, ਤੇ ਉਹ ਕੁਝ ਸ਼ਾਂਤ ਹੋਈ।

ਮੈਂ ਵੀ ਦੇਰ ਨਾ ਕਰਦੇ ਹੋਏ, ਸਾਡੇ ਸੱਤ ਹੋਣ ਤੋਂ ਪਹਿਲਾਂ ਬੱਚੀ ਨੂੰ ਲੈ ਕੇ ਉਸ ਦੀ ਮਾਂ ਦੇ ਕੋਲ ਪਹੁੰਚ ਗਿਆ। ਮੁਸਕਾਨ ਓਥੇ ਉਸੇ ਹੀ ਜਗ੍ਹਾ ਤੇ ਬੁੱਤ ਬਣ ਕੇ ਖੜੀ ਸੀ, ਸ਼ਾਇਦ ਉਸ ਨੂੰ ਆਪਣੀ ਬੱਚੀ ਨੂੰ ਮਿਲਣ ਦੀ ਬਹੁਤ ਹੀ ਕਾਹਲੀ ਸੀ। ਮੈਂ ਬੱਚੀ ਨੂੰ ਮੁਸਕਾਨ ਦੇ ਹਵਾਲੇ ਕਰ ਦਿੱਤਾ। ਜਿੱਦਾਂ ਹੀ ਮੈਂ ਬੱਚੀ ਨੂੰ ਮੁਸਕਾਨ ਦੇ ਹਵਾਲੇ ਕੀਤਾ। ਤੇ ਥੋੜ੍ਹਾ ਪਿੱਛੇ ਹੋਇਆ। ਚਾਰੇ ਪਾਸਿਓਂ ਪੁਲਿਸ ਦੇ ਹੂਟਰ ਸੁਣਾਈ ਦੇਣ ਲੱਗੇ। ਤੇ ਮੇਰੇ ਚਾਰੇ ਪਾਸੇ ਪੁਲਿਸ ਮੈਨੂੰ ਘੇਰਾ ਪਾ ਕੇ ਖੜੀ ਹੋਗੀ, ਤੇ ਕਹਿਣ ਲੱਗੀ ----- "ਖ਼ਬਰਦਾਰ ਜੇ ਹਿੱਲਣ ਦੀ ਕੋਸ਼ਿਸ਼ ਜਾਂ ਭੱਜਣ ਦੀ ਕੋਸ਼ਿਸ਼ ਕੀਤੀ, ਅਸੀਂ ਤੈਨੂੰ ਚਾਰੇ ਪਾਸਿਓਂ ਘੇਰ ਲਿਆ ਹੈ, ਹੁਣ ਤੇਰਾ ਬਚ ਕੇ ਨਿਕਲਣਾ ਬਹੁਤ ਮੁਸ਼ਕਿਲ ਹੈ, ਆਪਣੇ ਆਪ ਨੂੰ ਪੁਲੀਸ ਦੇ ਹਵਾਲੇ ਕਰ ਦੇ, ਤੇ ਆਪਣੇ ਹੱਥ ਸਿਰ ਦੇ ਪਿੱਛੇ ਰੱਖ ਕੇ ਗੋਡਿਆਂ ਦੇ ਭਾਰ ਹੋ ਜਾ।"

ਜਿਵੇਂ ਪੁਲਿਸ ਨੇ ਕਿਹਾ ਮੈਨੂੰ ਓਵੇਂ ਹੀ ਕਰਨਾ ਪਿਆ, ਕਿਉਂਕਿ ਮੇਰਾ ਦਿਮਾਗ ਚੱਕਰ ਖਾਣ ਲੱਗ ਗਿਆ ਸੀ। ਕਿ ਇਹ ਮੇਰੇ ਨਾਲ ਕੀ ਹੋ ਗਿਆ ਹੈ, ਤੇ ਮੈਂ ਆਪਣੇ ਹੱਥ ਸਿਰ ਦੇ ਪਿੱਛੇ ਰੱਖ ਕੇ ਗੋਡਿਆਂ ਦੇ ਭਾਰ ਜ਼ਮੀਨ ਤੇ ਬੈਠ ਗਿਆ ।

ਮੁਸਕਾਨ ਮੇਰੇ ਵੱਲ ਬੜੀ ਗੌਰ ਨਾਲ ਦੇਖ ਰਹੀ ਸੀ, ਇੱਕ ਪੁਲੀਸ ਮੁਲਾਜ਼ਮ ਨੇ ਪਿੱਛੋਂ ਆਣ ਕੇ, ਮੇਰੇ ਮੂੰਹ ਤੋਂ ਨਕਾਬ ਉਤਾਰਿਆ । ਜਿੱਦਾਂ ਹੀ ਨਕਾਬ ਮੇਰੇ ਚਿਹਰੇ ਤੋਂ ਉਤਰਿਆ। ਮੁਸਕਾਨ ਮੈਨੂੰ ਦੇਖ ਕੇ ਬੜੀ ਹੈਰਾਨ ਹੋ ਗਈ । ਸ਼ਾਇਦ ਉਸ ਨੇ ਮੈਨੂੰ ਪਹਿਚਾਣ ਲਿਆ ਸੀ ।

ਮੁਸਕਾਨ ਦੇ ਕੋਲ ਇੱਕ ਉੱਚਾ ਲੰਮਾ ਆਦਮੀ ਆਣ ਕੇ ਖੜ੍ਹ ਗਿਆ। ਉਸਨੇ ਮੁਸਕਾਨ ਤੇ ਬੱਚੀ ਨੂੰ ਆਪਣੇ ਗਲੇ ਨਾਲ ਲਾ ਲਿਆ । ਸ਼ਾਇਦ ਇਹ ਮੁਸਕਾਨ ਦਾ ਪਤੀ ਤੇ ਬੱਚੀ ਦਾ ਪਿਤਾ ਸੀ। ਮੇਰੇ ਹੱਥਾਂ ਨੂੰ ਪੁਲਿਸ ਮੁਲਾਜ਼ਮ ਨੇ ਹੱਥ ਘੜੀ ਲਗਾ ਦਿੱਤੀ। ਤੇ ਮੈਨੂੰ ਧੌਣ ਤੋਂ ਫੜ ਕੇ ਮੁਸਕਾਨ ਤੇ ਉਸਦੇ ਪਤੀ ਕੋਲ ਲੈ ਗਏ ।

ਮੁਸਕਾਨ ਦੇ ਪਤੀ ਨੇ ਮੇਰੇ ਖਿੱਚ ਕੇ ਮੂੰਹ ਤੇ ਚਪੇੜ ਮਾਰੀ, ਮੈਂ ਕੁਝ ਬੋਲਦਾ ਵਿੱਚੋਂ ਇੱਕ ਪੁਲੀਸ ਅਫ਼ਸਰ ਤੇ ਮੇਰੀ ਨਜ਼ਰ ਪਈ । ਉਸਦੀਆਂ ਅੱਖਾਂ ਗੁੱਸੇ ਨਾਲ ਲਾਲ ਸੀ, ਤੇ ਉਹ ਮੈਨੂੰ ਬਹੁਤ ਹੀ ਘੂਰ ਰਿਹਾ ਸੀ, ਉਹ ਕੋਈ ਹੋਰ ਨਹੀਂ ਸੀ । ਮੇਰਾ ਵੱਡਾ ਭਰਾ ਸੀ, ਜੋ ਪੁਲਿਸ ਵਿੱਚ ਇੱਕ ਚੰਗੇ ਔਹਦੇ ਤੇ ਸੀ । ਸ਼ਾਇਦ ਇਹ ਕੇਸ ਵੀ ਉਸ ਨੂੰ ਹੀ ਮਿਲਿਆ ਸੀ ।

ਉਹ ਮੇਰੇ ਕੋਲ ਆਣ ਕੇ ਮੈਨੂੰ ਕਹਿਣ ਲੱਗਾ------ “ਸ਼ਾਬਾਸ਼ ਚੰਗਾ ਨਾਮ ਰੌਸ਼ਨ ਕਰਦਾ ਪਿਆ ਹੈਂ ਘਰਦਿਆਂ ਦਾ ।”

ਵਿੱਚੋਂ ਹੀ ਮੁਸਕਾਨ ਦਾ ਪਤੀ ਬੋਲ ਪਿਆ ----- "ਕੀ ਤੁਸੀਂ ਇਸ ਨੂੰ ਜਾਣਦੇ ਹੋ ? "

ਮੇਰਾ ਭਰਾ ਕਹਿਣ ਲੱਗਾ ----- "ਮੇਰੀ ਬਦਕਿਸਮਤੀ ਇਹ ਮੇਰਾ ਛੋਟਾ ਭਰਾ ਹੈ। ਪਰ ਫ਼ਿਕਰ ਨਾ ਕਰੋ ਮੈਂ ਇਸਦੇ ਨਾਲ ਇਕ ਮੁਜ਼ਰਿਮ ਵਰਗਾ ਹੀ ਸਲੂਕ ਕਰਾਂਗਾ।"

ਇਹ ਗੱਲਾਂ ਮੇਰੇ ਕੱਨਾਂ ਥਾਣੀਂ ਹੋ ਕੇ ਮੇਰੇ ਦਿਲ ਨੂੰ ਚੀਰਦੀਆਂ ਪਈਆਂ ਸੀ , ਕਿ ਜਦੋਂ ਮੇਰੇ ਬਾਪੂ ਜੀ ਨੂੰ ਮੇਰੀ ਇਸ ਹਰਕਤ ਦਾ ਪਤਾ ਲੱਗੂ ਉਹ ਕੀ ਸੋਚਣਗੇ ? ਕੀ ਰਹਿਮਾਨ ਇੱਕ ਕਿਡਨੈਪਰ ਹੈ ! ਮੈਨੂੰ ਦਿਨ ਵਿਚ ਹੀ ਹਨੇਰਾ ਨਜ਼ਰ ਆ ਰਿਹਾ ਸੀ। ਤੇ ਮੁਸਕਾਨ ਵੀ ਮੇਰੇ ਵੱਲ ਬੜੇ ਗੁੱਸੇ ਨਾਲ ਦੇਖ ਰਹੀ ਸੀ, ਸ਼ਾਇਦ ਉਹ ਮਨ ਵਿੱਚ ਸੋਚ ਰਹੀ ਸੀ, ਮੈਂ ਇਹ ਸਭ ਉਸ ਨੂੰ ਦੁਬਾਰਾ ਪਾਉਣ ਨੂੰ ਕੀਤਾ ਹੈ। ਪਰ ਉਹ ਗਲਤ ਸੋਚ ਰਹੀ ਸੀ। ਸਭ ਤੋਂ ਵੱਡੀ ਬਦਕਿਸਮਤੀ ਸੀ, ਕਿ ਮੁਸਕਾਨ ਦਾ ਪਤੀ ਮੇਰੇ ਭਰਾ ਦਾ ਬਹੁਤ ਵਧੀਆ ਦੋਸਤ ਨਿਕਲਿਆ ।

ਫਿਰ ਪਤਾ ਨਹੀਂ ਮੇਰੇ ਅੰਦਰ ਕਿਹੜੀ ਊਰਜਾ ਆਈ, ਮੈਂ ਬਿਨਾਂ ਹਿਚਕ ਹਿਚਾਏ, ਮੁਸਕਾਨ ਨੂੰ ਕਹਿਣ ਲੱਗਾ ---- " ਮੁਸਕਾਨ ਮੇਰਾ ਯਕੀਨ ਕਰੋ ਮੈਂ ਅਸਲੀ ਕਿਡਨੈਪਰ ਨਹੀਂ ਹਾਂ। ਅਸਲੀ ਕਿਡਨੈਪਰ ਕੋਈ ਹੋਰ ਹੈ ਮੈਨੂੰ ਇਸ ਦੇ ਲਈ ਬਲੈਕਮੇਲ ਕੀਤਾ ਗਿਆ ਹੈ।" ਮੈਂ ਆਪਣੇ ਭਰਾ ਵੱਲ ਦੇਖ ਵੀ ਇਹੀ ਕਿਹਾ।

ਪਰ ਓਥੇ ਮੇਰਾ ਯਕੀਨ ਕਰਨ ਵਾਲਾ ਕੋਈ ਨਹੀਂ ਸੀ, ਕਿਉਂਕਿ ਸਾਰੇ ਸਬੂਤ ਹੀ ਮੇਰੇ ਵੱਲ ਇਸ਼ਾਰਾ ਕਰਦੇ ਪਏ ਸੀ।

ਮੇਰੇ ਮੁਸਕਾਨ ਦੇ ਨਾਮ ਨੂੰ ਮੂੰਹ ਵਿਚੋਂ ਲੈਣ ਤੇ, ਮੁਸਕਾਨ ਦਾ ਪਤੀ ਮੁਸਕਾਨ ਨੂੰ ਪੁੱਛਣ ਲੱਗਾ -----“ਮੁਸਕਾਨ ਕੀ ਤੁਸੀਂ ਇਸ ਨੂੰ ਜਾਣਦੇ ਹੋ ?”

ਮੁਸਕਾਨ ਨੇ ਇਸ਼ਾਰੇ ਨਾਲ ਹਾਂ ਵਿੱਚ ਜਵਾਬ ਦਿੱਤਾ।

ਤੇ ਕਹਿਣ ਲੱਗੀ ----- “ਅਸੀ ਕੁਝ ਟਾਈਮ ਪਹਿਲਾਂ ਬਹੁਤ ਹੀ ਚੰਗੇ ਦੋਸਤ ਸੀ, ਪਰ ਹੁਣ ਨਹੀ, ਹੁਣ ਕਦੀ ਨਹੀਂ।”

ਮੁਸਕਾਨ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਮੇਰਾ ਕਲੇਜਾ ਮੇਰੇ ਮੂੰਹ ਵਿੱਚ ਆ ਗਿਆ। ਇੰਨਾ ਦਰਦ ਤੇ ਮੁਸਕਾਨ ਦੇ ਵਿਛੜਨ ਤੇ ਵੀ ਨਹੀਂ ਹੋਇਆ ਸੀ ਮੈਨੂੰ, ਜਿੰਨਾਂ ਅੱਜ ਉਸ ਦੇ ਮੂੰਹੋਂ ਇਹ ਸ਼ਬਦ ਸੁਣ ਕੇ ਹੋਇਆ ਸੀ।

ਮੈਨੂੰ ਪੁਲਿਸ ਨੇ ਹਵਾਲਾਤ ਵਿਚ ਬੰਦ ਕਰ ਦਿੱਤਾ। ਤੇ ਕੇਸ ਦੀ ਛਾਣਬੀਣ ਕਰਨ ਲੱਗੇ। ਜਦ ਮੇਰਾ ਫੋਨ ਚੈੱਕ ਕੀਤਾ ਗਿਆ, ਤਾਂ ਉਨ੍ਹਾਂ ਨੂੰ ਸ਼ਾਇਦ ਮੇਰੀਆਂ ਇਨ੍ਹਾਂ ਗੱਲਾਂ ਵਿਚ ਕੁਝ ਯਕੀਨ ਹੋਇਆ।

ਜਦ ਬੱਚੀ ਨੂੰ ਵੀ ਪੁੱਛ ਗਿੱਛ ਕੀਤੀ ਗਈ, ਤਾਂ ਉਸ ਨੇ ਵੀ ਇਹੋ ਕਿਹਾ ----- “ਜੇ ਅੰਕਲ ਤੋ ਮੁਝੇ ਮੰਮਾ ਕੇ ਪਾਸ ਲੇ ਕਰ ਆਏ ਹੈਂ।” ਬੱਚੀ ਦੇ ਮੂੰਹੋਂ ਇਹ ਗੱਲਾਂ ਸੁਣ ਕੇ ਮੇਰੇ ਭਰਾ ਨੂੰ ਕੁਝ ਸ਼ਾਂਤੀ ਮਹਿਸੂਸ ਹੋਈ। ਫਿਰ ਮੁਸਕਾਨ ਅਤੇ ਉਸਦਾ ਪਤੀ ਇਹ ਕਹਿਣ ਲੱਗੇ ------ “ਜੇ ਇਹ ਅਸਲੀ ਕਿਡਨੈਪਰ ਨਹੀਂ ਹੈ, ਤਾਂ ਫਿਰ ਕੌਣ ਹੈਂ ? ਤੇ ਕੌਣ ਹੋ ਸਕਦਾ ਹੈ ? ”

ਮੇਰੇ ਭਰਾ ਨੇ ਮੁਸਕਾਨ ਤੇ ਉਸਦੇ ਪਤੀ ਨੂੰ ਇੰਤਜ਼ਾਰ ਕਰਨ ਨੂੰ ਕਿਹਾ ---- “ ਕਿਡਨੈਪਰ ਜੋ ਵੀ ਹੈ ਅਸੀਂ ਜਲਦੀ ਹੀ ਉਸ ਨੂੰ ਲੱਭ ਲਵਾਂਗੇ।”

ਫਿਰ ਮੇਰੇ ਭਰਾ ਨੇ ਮੇਰੇ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ।

ਮੈਨੂੰ ਕਹਿਣ ਲੱਗੇ ---- "ਰਹਿਮਾਨ ਜੇ ਤੂੰ ਸੱਚ ਬੋਲ ਦਾ ਪਿਆ ਹੈਂ, ਜੇ ਤੂੰ ਕਿਡਨੈਪਰ ਨੂੰ ਮਿਲਿਆ ਹੈਂ। ਤਾਂ ਸਾਨੂੰ ਉਸ ਦੀ ਕੋਈ ਇਹੋ ਜਿਹੀ ਨਿਸ਼ਾਨੀ ਦੱਸ ਜਿਸ ਦੇ ਨਾਲ ਅਸੀਂ ਉਸਨੂੰ ਲੱਭ ਸਕੀਏ।"

ਮੈਂ ਆਪਣੇ ਦਿਮਾਗ ਤੇ ਜ਼ੋਰ ਦੇਣ ਲੱਗਾ, ਤੇ ਸੋਚਣ ਲੱਗਾ।

ਕਿ, ਕੀ ਨਿਸ਼ਾਨੀ ਹੋ ਸਕਦੀ ਹੈ, ਮੈਂ ਤਾਂ ਕਿਡਨੈਪਰ ਨੂੰ ਬਹੁਤ ਦੂਰ ਤੋਂ ਦੇਖਿਆ ਹੈ। ਮੈਂ ਤਾਂ ਉਸ ਦੇ ਨੇੜੇ ਵੀ ਨਹੀਂ ਗਿਆ ਹਾਂ, ਤੇ ਉਸ ਨੇ ਆਪਣਾ ਮੂੰਹ ਵੀ ਇਕ ਨਕਾਬ ਦੇ ਨਾਲ ਢੱਕਿਆ ਹੋਇਆ ਸੀ।

ਜਿਸ ਨੰਬਰ ਤੋਂ ਕਿਡਨੈਪਰ ਮੈਨੂੰ ਕਾੱਲ ਤੇ ਮੋਬਾਈਲ ਉੱਤੇ ਮੈਸੇਜ ਕਰਦਾ ਸੀ। ਉਸ ਦਾ ਉਹ ਨੰਬਰ ਵੀ ਬੰਦ ਆਉਣ ਲੱਗਾ, ਕਾਫ਼ੀ ਕੋਸ਼ਿਸ਼ ਕੀਤੀ ਲੁਕੇਸ਼ਨ ਪਤਾ ਕਰਨ ਦੀ, ਪਰ ਕਿਡਨੈਪਰ ਬਹੁਤ ਮਾਸਟਰਮਾਈਂਡ ਸੀ। ਉਸ ਦਾ ਕੋਈ ਹੱਲ ਨਾ ਹੋ ਸਕਿਆ।

ਜਿਸ ਦੀ ਮੈਨੂੰ ਉਮੀਦ ਨਹੀਂ ਸੀ ਉਹੀ ਹੋਇਆ, ਬੇਬੇ ਅਤੇ ਬਾਪੂ ਜੀ ਮੈਨੂੰ ਪੁਲਿਸ ਥਾਣੇ ਮਿਲਣ ਆਏ। ਬੇਬੇ ਤਾਂ ਮੇਰੇ ਚਿਹਰੇ ਤੇ ਹੱਥ ਫੇਰ ਕੇ ਰੋਣ ਲੱਗੀ। ਪਰ ਬਾਪੂ ਜੀ ਮੇਰੇ ਵੱਲ ਘੂਰੀ ਵੱਟ ਕੇ ਦੇਖਣ ਲੱਗੇ ਤੇ ਕਹਿਣ ਲੱਗੇ ---- " ਮੈਨੂੰ ਪਤਾ ਸੀ ਤੂੰ ਇੱਕ ਦਿਨ ਇਹੋ ਜਿਹਾ ਹੀ ਦਿਨ ਦਿਖਾਉਣਾ ਸੀ ਸਾਨੂੰ, ਓਏ ਕੰਜਰਾ ਤੈਨੂੰ ਭੋਰਾ ਵੀ ਸ਼ਰਮ ਨਾ ਆਈ।"

ਏਨੇ ਨੂੰ ਮੇਰੇ ਭਰਾ ਨੇ ਮੇਰੇ ਬਾਪੂ ਜੀ ਦੇ ਮੋਢੇ ਤੇ ਹੱਥ ਕਰ ਕੇ ਕਿਹਾ ---- "ਬਾਪੂ ਜੀ ਤੁਸੀਂ ਖਾਮਖਾਹ ਟੈਨਸ਼ਨ ਨਾ ਲਵੋ, ਅਸਲੀ ਕਿਡਨੈਪਰ ਕੋਈ ਹੋਰ ਹੈ, ਰਹਿਮਾਨ ਨਿਰਦੋਸ਼ ਹੈ। ਮੈ ਜਲਦੀ ਹੀ ਉਸ ਦਾ ਪਤਾ ਲੱਭ ਲਵਾਂਗਾ।"

ਮੇਰੇ ਭਰਾ ਦੇ ਏਨਾਂ ਕਹਿਣ ਤੇ ਬਾਪੂ ਜੀ ਕੁਝ ਸ਼ਾਂਤ ਹੋਏ।

ਤੇ ਚੁੱਪ ਚਾਪ ਬਾਹਰ ਚਲੇ ਗਏ ।

ਬੇਬੇ - ਬਾਪੂ ਜੀ ਦੇ ਜਾਣ ਤੋਂ ਬਾਅਦ, ਮੇਰੇ ਭਰਾ ਨੇ ਮੈਨੂੰ ਰੋਟੀ ਖਾਣ ਨੂੰ ਕਿਹਾ । ਇੱਕ ਪੁਲੀਸ ਮੁਲਾਜ਼ਮ ਨੇ ਰੋਟੀ ਪਾ ਕੇ ਮੈਨੂੰ ਫੜਾ ਦਿੱਤੀ ।

ਮੈਂ ਹਲੇ ਆਪਣੀ ਰੋਟੀ ਦੀ ਪਹਿਲੀ ਬੁਰਕੀ ਤੌੜੀ ਸੀ, ਕਿ ਮੇਰੀਆਂ ਅੱਖਾਂ ਦੇ ਵਿਚੋਂ ਹੰਝੂ ਨਿਕਲਣ ਲੱਗੇ । ਪਰ ਜਿਵੇਂ ਵੀ ਸੀ, ਮੈਂ ਔਖਾ ਸੌਖਾ ਹੋ ਕੇ ਰੋਟੀ ਖਾ ਹੀ ਗਿਆ, ਜਿਸ ਥਾਲੀ ਵਿਚ ਰੋਟੀ ਖਾਧੀ ਸੀ । ਉਸਦੇ ਵਿਚ ਮੈ ਆਪਣੇ ਚਿਹਰੇ ਨੂੰ ਦੇਖਣ ਲੱਗਾ। ਮੇਰੇ ਮੂੰਹ ਤੇ ਮੁਸਕਾਨ ਦੇ ਪਤੀ ਵੱਲੋਂ ਮਾਰੀ ਚਪੇੜ ਦੀਆਂ ਉਂਗਲਾਂ ਦੇ ਨਿਸ਼ਾਨ ਛਪੇ ਸੀ । ਪਰ ਜਦੋਂ ਮੈਂ ਗੌਰ ਦੇ ਨਾਲ ਨਿਸ਼ਾਨ ਦੇਖਣ ਦੀ ਕੋਸ਼ਿਸ਼ ਕੀਤੀ । ਇਕਦਮ ਮੈਨੂੰ ਕੁਝ ਯਾਦ ਆਇਆ ।

ਤੇ ਮੈਂ ਆਪਣੇ ਭਰਾ ਨਾਲ ਇਕੱਲਿਆਂ ਵਿਚ ਗੱਲ ਕਰਨ ਦੀ ਗੁਜ਼ਾਰਿਸ਼ ਕੀਤੀ । ਮੈਨੂੰ ਇੱਕ ਵੱਖਰੇ ਹੀ ਕਮਰੇ ਵਿੱਚ ਲੈ ਗਏ। ਜਿਥੇ ਸਿਰਫ ਮੈਂ ਤੇ ਮੇਰਾ ਭਰਾ ਹੀ ਸੀ । ਫਿਰ ਮੈਂ ਆਪਣੇ ਭਰਾ ਨੂੰ ਕਹਿਣ ਲੱਗਾ ----- “ਵੀਰ ਜੀ ਤੁਸੀਂ ਬੋਲਦੇ ਪਏ ਸੀ ਨਾ, ਕੀ ਕੋਈ ਕਿਡਨੈਪਰ ਦੀ ਨਿਸ਼ਾਨੀ ਯਾਦ ਹੈ ਤਾਂ ਦੱਸ ।”

ਉਨ੍ਹਾਂ ਨੇ ਕਿਹਾ ---- “ਹਾਂ ਹਾਂ ਬਿਲਕੁਲ, ਫਿਰ ਹੀ ਤੂੰ ਨਿਰਦੋਸ਼ ਸਾਬਿਤ ਹੋ ਸਕਦਾ ਹੈ ।”

ਮੈਂ ਕਿਹਾ ---- “ਤੇ ਸੁਣੋ ਫਿਰ ਵੀਰ ਜੀ, ਮੈਂ ਜਦ ਕਿਡਨੈਪ ਨੂੰ ਸਾਹਮਣੇ ਤੋਂ ਦੇਖਿਆ ਸੀ, ਤਾਂ ਉਸਦੇ ਸੱਜੇ ਹੱਥ ਦੀ ਉਂਗਲ ਵਿਚ ਇੱਕ ਸ਼ੇਰ ਦੇ ਨਿਸ਼ਾਨ ਵਾਲੀ ਅੰਗੂਠੀ ਸੀ ।”

ਵੀਰ ਜੀ ---- “ਹੱਛਾ ’ਤੇ ਫਿਰ ?”

ਮੈਂ ---- “ਫਿਰ ਕੀ ਵੀਰ ਜੀ, ਜਿਸ ਦੇ ਹੱਥ ਵਿਚ ਉਹ ਅੰਗੂਠੀ ਹੋਵੇਗੀ। ਓਹੀ ਅਸਲੀ ਕਿਡਨੈਪਰ ਹੋਵੇਗਾ।”

ਵੀਰ ਜੀ ---- “ਤੇਰਾ ਮਤਲਬ ਕੀ ਹੁਣ ਮੈਂ ਜਿਸ ਦੇ ਹੱਥ ਵਿੱਚ ਸ਼ੇਰ ਦੀ ਅੰਗੂਠੀ ਹੈ ਉਸਨੂੰ ਹੀ ਕਿਡਨੈਪਰ ਸਮਝ ਲਵਾਂ !”

ਮੈ ----“ਨਹੀਂ ਨਹੀਂ ਵੀਰ ਜੀ, ਮੇਰੇ ਕਹਿਣ ਦਾ ਇਹ ਮਤਲਬ ਨਹੀਂ ਸੀ।”

ਵੀਰ ਜੀ ----“ ਤੇ ਫਿਰ ਕੀ ਮਤਲਬ ਹੈ ਤੇਰਾ ?”

ਮੈ ----- “ ਉਸ ਅੰਗੂਠੀ ਦੀ ਵੀ ਇੱਕ ਨਿਸ਼ਾਨੀ ਹੈ।”

ਵੀਰ ਜੀ ----- “ਕੀ ਨਿਸ਼ਾਨੀ ਹੈ ? ”

ਮੈ ----- “ਉਸ ਅੰਗੂਠੀ ਦੇ ਸ਼ੇਰ ਦੀਆਂ ਅੱਖਾਂ ਰੈੱਡ ਕਲਰ ਦੇ ਛੋਟੇ ਡਾਇਮੰਡ ਦੇ ਨਾਲ ਬਣੀਆਂ ਹੋਈਆਂ ਹੈ। ਇਸ ਲਈ ਉਹ ਦੇਖਣ ਨੂੰ ਬਹੁਤ ਕੀਮਤੀ ਲੱਗਦੀ ਹੈ। ਇਸ ਲਈ ਮੈਨੂੰ ਨਹੀਂ ਲਗਦਾ ਕਿ ਕੋਈ ਜਣਾ - ਖਣਾ ਆਦਮੀਂ ਉਸ ਨੂੰ ਪਾ ਸਕਦਾ ਹੋਵੇਗਾ।”

ਵੀਰ ਜੀ ------ “ ਹਮ ਗੱਲ ਤਾਂ ਤੇਰੀ ਠੀਕ ਹੈ, ਪਰ ਹੁਣ ਇੰਨੇ ਵੱਡੇ ਸ਼ਹਿਰ ਦੇ ਵਿੱਚ ਇਸ ਸ਼ੇਰ ਵਾਲੀ ਅੰਗੂਠੀ ਵਾਲੇ ਇਕ ਆਦਮੀ ਨੂੰ ਕਿਵੇਂ ਲੱਭਾਂ ਗੇ ਰਹਿਮਾਨ ?”

ਮੈਂ ----- “ਲੱਭਣ ਦੀ ਲੋੜ ਨਹੀਂ ਹੈ ਵੀਰ ਜੀ, ਜੇ ਤੁਸੀਂ ਮੇਰਾ ਯਕੀਨ ਕਰਦੇ ਹੋ, ਤਾਂ ਮੇਰੀ ਗੱਲ ਧਿਆਨ ਨਾਲ ਸੁਣੋ।”

ਵੀਰ ਜੀ ---- “ਹਮ... ਠੀਕ ਹੈ, ਬੋਲ ਰਹਿਮਾਨ।”

ਮੈਂ ---- "ਵੀਰ ਜੀ ਮੇਰੇ ਮੂੰਹ ਤੇ ਜੋ ਉਂਗਲਾਂ ਦੇ ਨਿਸ਼ਾਨ ਛਪੇ ਨੇ, ਉਹਨਾਂ ਨੂੰ ਗੌਰ ਨਾਲ ਦੇਖੋ , ਉਂਗਲਾਂ ਦੇ ਨਿਸ਼ਾਨਾਂ ਦੇ ਨਾਲ-ਨਾਲ ਤੁਹਾਨੂੰ ਇੱਕ ਹੋਰ ਨਿਸ਼ਾਨ ਨਜ਼ਰ ਆਊਗਾ। ਜੋ ਕਿ ਇੱਕ ਸ਼ੇਰ ਦੀ ਅੰਗੂਠੀ ਦੀ ਛਾਪ ਵਰਗਾ ਹੈ।"

ਮੇਰੇ ਕਹਿਣ ਤੇ , ਮੇਰੇ ਭਰਾ ਮੇਰੇ ਚਿਹਰੇ ਵੱਲ ਗੌਰ ਨਾਲ ਦੇਖਣ ਲੱਗਾ। ਫਿਰ ਉਨ੍ਹਾਂ ਨੇ ਆਪਣੇ ਮੋਬਾਇਲ ਦੇ ਵਿਚੋਂ ਮੁਸਕਾਨ ਦੇ ਪਤੀ ਦੀ ਇਕ ਤਸਵੀਰ ਜ਼ੂਮ ਕਰਕੇ ਦੇਖੀ, 'ਤੇ ਫੇਰ ਮੈਨੂੰ ਦਿਖਾ ਕੇ ਕਹਿਣ ਲੱਗੇ ----- "ਦੇਖ ਰਹਿਮਾਨ ਏਦਾਂ ਦੀ ਹੀ ਸੀ ਉਹ ਅੰਗੂਠੀ ।"

ਮੈ ----- "ਹਾਂ ਹਾਂ ਵੀਰ ਜੀ ਬਿਲਕੁਲ ਬਿਲਕੁਲ ਇਹ ਉਹੀ ਅੰਗੂਠੀ ਹੈ !"

ਮੇਰੇ ਮੂੰਹੋਂ ਮੇਰੇ ਭਰਾ ਇਹ ਬੋਲ ਸੁਣ ਕੇ । ਫਿਰ ਮੇਰੇ ਮੋਢੇ ਤੇ ਹੱਥ ਰੱਖ ਕੇ ਕਹਿਣ ਲੱਗੇ ---- "ਤੂੰ ਠੀਕ ਕਹਿ ਰਿਹਾ ਹੈਂ , ਰਹਿਮਾਨ ਤੈਨੂੰ ਨੀ ਪਤਾ, ਕਿ ਤੂੰ ਮੇਰੇ ਸਿਰ ਤੋਂ ਕਿੱਡਾ ਵੱਡਾ ਬੋਝ ਹਲਕਾ ਕਰ ਦਿੱਤਾ ਹੈ ।"

ਮੇਰੇ ਭਰਾ ਦੇ ਮੂੰਹੋਂ ਇਹ ਸ਼ਬਦ ਸੁਣ ਕੇ, ਮੇਰੇ ਅੰਦਰ ਇਕ ਉਮੀਦ ਜਾਗ ਗਈ । ਪਰ ਮੇਰੇ ਭਰਾ ਨੇ ਮੈਨੂੰ ਇਹ ਗੱਲ ਕਿਸੇ ਹੋਰ ਨਾਲ ਕਰਨ ਤੋਂ ਮਨਾ ਕਰ ਦਿੱਤਾ । ਤੇ ਆਪਣੀ ਇੱਕ ਖਾਸ ਟੀਮ ਤਿਆਰ ਕਰਕੇ, ਮੁਸਕਾਨ ਦੇ ਪਤੀ ਤੇ ਕੜੀ ਨਜ਼ਰ ਰੱਖਣ ਲਈ ਲਾ ਦਿੱਤੀ ।

ਕੁਝ ਦਿਨਾਂ ਬਾਅਦ,

ਅਸਲੀ ਕਿਡਨੈਪਰ ਕੋਈ ਹੋਰ ਹੋਣ ਦੇ ਕਰਕੇ, ਤੇ ਬੱਚੀ ਦੇ ਮੇਰੇ ਹੱਕ 'ਚ ਗਵਾਹੀ ਦੇਣ ਦੇ ਕਰਕੇ , ਪੁਲਿਸ ਨੂੰ ਮਜਬੂਰਨ ਮੈਨੂੰ ਛੱਡਣਾ ਹੀ ਪਿਆ । ਮੈਂ ਘਰ ਆ ਕੇ ਬਹੁਤ ਆਰਾਮ ਕੀਤਾ। ਤੇ ਮਾਂ ਦੀ ਗੋਦੀ ਵਿੱਚ ਸਿਰ ਆ ਕੇ ਸੌਂ ਗਿਆ । ਹੁਣ ਮੈਨੂੰ ਕੁਝ ਸਕੂਨ ਮਿਲ ਰਿਹਾ ਸੀ । ਕਿਉਂਕਿ ਮੈਂ ਮਨ ਵਿਚ ਸੋਚ

ਰਿਹਾ ਸੀ, ਕਿ ਬੱਚੀ ਵੀ ਬੱਚ ਗਈ, ਤੇ ਮੈਂ ਵੀ ਬੱਚ ਹੀ ਗਿਆ। ਤੇ ਹੁਣ ਪੁਲੀਸ ਆਪਣੇ ਆਪ ਹੀ ਅਸਲੀ ਕਿਡਨੈਪਰ ਨੂੰ ਲੱਭ ਲਵੇਗੀ। ਮੈਂ ਤੇ ਮੇਰਾ ਭਰਾ ਜਾਣਦੇ ਸੀ, ਕਿ ਅਸਲ ਵਿਚ ਕਿਡਨੈਪਰ ਕੌਣ ਹੈ।

ਪਰ ਮੇਰੇ ਭਰਾ ਨੇ ਮੈਨੂੰ ਆਪਣਾ ਮੂੰਹ ਬੰਦ ਰੱਖਣ ਲਈ ਕਿਹਾ ਸੀ।

ਇਸ ਲਈ ਮੈਂ ਉਸ ਦੇ ਕੰਮ ਵਿੱਚ ਕੋਈ ਦਖਲਅੰਦਾਜ਼ੀ ਨਾ ਹੀ ਕਰਾਂ ਤਾਂ ਚੰਗਾ ਸੀ।

ਮੈਂ ਵੀ ਹੋਰਨਾਂ ਵਾਂਗ ਚੁੱਪ ਚਾਪ ਬੈਠ ਕੇ ਸੋਚਣਾ ਹੀ ਠੀਕ ਸਮਝਿਆ। ਪਰ ਮੇਰਾ ਏਦਾਂ ਚੁੱਪ ਚਾਪ ਬੈਠ ਜਾਣਾ ਵੀ ਗਲਤ ਹੀ ਸਾਬਤ ਹੋਇਆ।

ਕੱਲ ਜਦ ਮੈਂ ਕਿਤੋਂ ਵਾਪਸ ਆ ਰਿਹਾ ਸੀ , ਤਾਂ ਮੇਰੇ ਤੇ ਕਿਸੇ ਨੇ ਜਾਨਲੇਵਾ ਹਮਲਾ ਕੀਤਾ। ਜਿਸਦੇ ਵਿੱਚ ਮੇਰੀ ਜਾਣ ਤਾਂ ਬੱਚ ਗਈ, ਪਰ ਉਸ ਦੀ ਬੰਦੂਕ ਦੀ ਗੋਲੀ ਮੇਰੀ ਬਾਂਹ ਨੂੰ ਛੂਹ ਗਈ। ਜਿਸ ਦੇ ਕਾਰਨ ਅੱਜ ਮੈਂ ਹਸਪਤਾਲ ਵਿੱਚ ਬੈਠਾ ਹਾਂ। ਤੇ ਆਪਣੀ ਜ਼ਿੰਦਗੀ ਦਾ ਹਾਲ ਲਿਖਦਾ ਪਿਆ ਹਾਂ। ਪਤਾ ਨਹੀਂ ਮੈਨੂੰ ਕਿੰਨੇ ਮਾਰਨ ਦੀ ਕੋਸ਼ਿਸ਼ ਕੀਤੀ। ਮੇਰੀ ਜਾਨ ਨੂੰ ਖਤਰਾ ਦੇਖਦੇ ਹੋਏ ਮੇਰੇ ਭਰਾ ਨੇ ਮੇਰੀ ਸੁਰੱਖਿਆ ਵਾਸਤੇ ਆਪਣੇ ਦੋ ਮੁਲਾਜ਼ਮ ਮੇਰੇ ਬੂਹੇ ਬਾਹਰ ਖੜੇ ਕਰ ਦਿੱਤੇ।

ਹੁਣ ਇਕ ਗੱਲ ਮੈਨੂੰ ਵੀ ਸੋਚਣ ਤੇ ਮਜਬੂਰ ਕਰਦੀ ਪਈ ਹੈ। ਕਿ ਆਖਿਰਕਾਰ ਕਿਡਨੈਪਰ ਕੀ ਚਾਹੁੰਦਾ ਹੈ। ਕਿ ਅਸਲ ਸਚਾਈ ਵਿਚ ਮੁਸਕਾਨ ਦਾ ਪਤੀ ਹੀ ਕਿਡਨੈਪਰ ਹੈ। ਪਰ ਇੱਕ ਪਿਤਾ ਆਪਣੀ ਬੱਚੀ ਨੂੰ ਕਿਉਂ ਕਿਡਨੈਪ ਕਰੇਗਾ। ਫਿਰ ਮੈਨੂੰ ਮਾਰਨ ਦੀ ਕੋਸ਼ਿਸ਼ ਕੌਣ ਕਰੇਗਾ। ਹੋ ਸਕਦਾ ਕਿਸੇ ਨੇ ਮਰਵਾਉਣ ਦੀ ਕੋਸ਼ਿਸ਼ ਕੀਤੀ ਹੋਵੇ। ਪਰ ਕੌਣ ਹੋ ਸਕਦਾ ਹੈ ?

ਇਹ ਸਵਾਲ ਮੈਨੂੰ ਬਹੁਤ ਤੰਗ ਕਰਦੇ ਨੇ ਰਾਤ ਦਿਨ। ਹੁਣ ਮੈਂਨੂੰ ਮੇਰੀ ਇਸ ਕਹਾਣੀ ਵਿਚ.... ਆਪ ਵੀ ਕੁਛ ਸਮਝ ਨਹੀਂ ਆ ਰਿਹਾ ਹੈ, ਕਿ ਅੱਗੇ ਮੇਰੇ ਨਾਲ ਹੋਰ ਕੀ-੨ ਹੋਵੇਗਾ.....। ਕਿਸਮਤ ਨੇ ਵੀ ਮੇਰੇ ਨਾਲ ਚੰਗਾ ਖੇਡ ਖੇਡਿਆ ਹੈ। ਪਹਿਲਾਂ ਮੇਰੀ ਮੁਹੱਬਤ ਤੇ ਵਾਰ ਕੀਤਾ। ਤੇ ਫੇਰ ਮੇਰੀ ਜਾਨ ਤੇ, ਤੇ ਹੁਣ ਅੱਗੇ ਪਤਾ ਨਹੀਂ ਕਿਸਮਤ ਮੇਰੇ ਨਾਲ ਕੀ ਖੇਡ ਖੇਡਦੀ ਹੈ।

ਮੈਨੂੰ ਆਪ ਵੀ ਨਹੀਂ ਸਮਝ ਆਉਂਦੀ ਕਈ ਵਾਰ, ਕਿ ਮੈ ਕਿੱਧਰ ਨੂੰ ਜਾਵਾਂ। ਮੇਰੀ ਹੀ ਇਹ ਜ਼ਿੰਦਗੀ ਹੁਣ ਮੇਰੇ ਲਈ ਹੀ ਇੱਕ ਗੋਲ ਚੱਕਰ ਦੇ ਵਾਂਗ ਬਣ ਕੇ ਰਹਿ ਗਈ ਹੈ।

ਹਸਪਤਾਲ ਦੇ ਵਿੱਚ ਇੱਕ ਦਿਨ ਮੈਨੂੰ ਮੁਸਕਾਨ ਵੀ ਮਿਲਣ ਆਈ। ਤੇ ਮੈਨੂੰ ਮੇਰਾ ਹਾਲ ਪੁੱਛਣ ਲੱਗੀ ---- "ਕਿਵੇਂ ਹੋ ਹੁਣ ਤੁਸੀਂ ਰਹਿਮਾਨ ਠੀਕ ਤਾਂ ਹੋ ?"

ਮੈਂ ਹੱਸਦੇ ਹੋਏ ਜਵਾਬ ਦਿੱਤਾ ------ "ਮੈਨੂੰ ਕੀ ਹੋਣਾ ਚੰਗਾ ਭਲਾ ਤਾਂ ਹਾਂ। "

ਮੁਸਕਾਨ ---- "ਤੁਹਾਡੇ ਤੇ ਕਿਸੇ ਨੇ ਜਾਨਲੇਵਾ ਹਮਲਾ ਕੀਤਾ। ਤੇ ਤੁਸੀ ਆਖਦੇ ਪਏ ਹੋ ਕਿ ਮੈਨੂੰ ਕਿ ਹੋਇਆ ਚੰਗਾ - ਭਲਾ ਹਾਂ, ਜੇ ਚੰਗੇ ਭਲੇ ਹੋ ਤਾਂ ਫਿਰ ਹਸਪਤਾਲ ਵਿਚ ਕੀ ਕਰਦੇ ਪਏ ਹੋ ? "

ਮੈ ----- "ਵੈਸੇ ਘਰ ਦਿਲ ਨਹੀਂ ਲਗਦਾ ਸੀ, ਸੋਚਿਆ ਹਸਪਤਾਲ ਜਾ ਕੇ ਡਾਕਟਰ 'ਤੇ ਸਟਾਫ ਨਰਸਾਂ ਨੂੰ ਮਿਲ ਆਵਾਂ।"

ਮੇਰੇ ਮੂੰਹੋਂ ਮੁਸਕਾਨ ਇਹ ਗੱਲਾਂ ਸੁਣ ਕੇ ਖਿੜ-ਖਿੜਾ ਕੇ ਹੱਸਣ ਲੱਗੀ। ਤੇ ਬੋਲੀ ----- "ਰਹਿਮਾਨ ਤੁਸੀਂ ਅੱਜ ਵੀ ਨਹੀਂ ਬਦਲੇ, ਅੱਜ ਵੀ ਪਹਿਲਾਂ ਵਾਂਗੂੰ ਹੀ ਗੱਲਾਂ ਕਰਦੇ ਹੋ।"

ਮੈਂ ------ " ਹਾਂ ਮੈਂ ਤਾਂ ਨਹੀਂ ਬਦਲਿਆ, ਪਰ ਮੈਨੂੰ ਬਦਲਣ ਦੀ ਮੇਰੇ ਹਾਲਾਤਾਂ ਨੇ ਬਹੁਤ ਕੋਸ਼ਿਸ਼ ਕੀਤੀ । "

ਮੁਸਕਾਨ ----- "ਰਹਿਮਾਨ ਪਲੀਜ਼ ਮੈਨੂੰ ਮਾਫ ਕਰ ਦਿਓ ।"

ਮੈਂ ----- "ਮਾਫੀ ਕਿਸ ਗੱਲ ਦੀ ?"

ਮੁਸਕਾਨ ------"ਆਹੀ ਕੀ, ਮੈਂ ਵੀ ਤੁਹਾਡੇ ਤੇ ਸ਼ੱਕ ਕਰ ਬੈਠੀ ਸੀ ।"

ਮੈ ---- " ਕਾਸ਼ ਮੁਸਕਾਣ ਤੁਸੀ ਸ਼ੱਕ ਦੀ ਜਗ੍ਹਾ ਕਦੀ ਯਕੀਨ ਕੀਤਾ ਹੁੰਦਾ ....ਤੇ ਅੱਜ ਮੇਰਾ ਆਹ ਹਾਲ ਨਾ ਹੁੰਦਾ ।"

ਮੁਸਕਾਨ ---- ਪਲੀਜ਼ ਰਹਿਮਾਨ ਮੈਨੂੰ ਕਦੀ ਗਲਤ ਨਾ ਸਮਝਣਾ, ਮੇਰੀਆਂ ਵੀ ਕੁਝ ਮਜਬੂਰੀਆਂ ਹੋਣਗੀਆਂ ।"

ਮੈ ---- "ਤਾਂਹੀਂ ਤਾਂ ਤੁਹਾਨੂੰ ਮੁਸਕਾਨ ਬੋਲ ਕੇ ਗੱਲ ਕਰਦਾ, ਨਹੀਂ ਤਾਂ ਬੇਵਫਾ ਕਹਿਣਾ ਸੀ ।"

ਸਾਡੀਆਂ ਗੱਲਾਂ ਚਲਦੀਆਂ ਦੇ ਵਿਚ ਮੁਸਕਾਨ ਨੂੰ ਫੋਨ ਤੇ ਕਿਸੇ ਦੀ ਕਾੱਲ ਆ ਗਈ । ਤੇ ਉਸ ਨੇ ਕਿਹਾ ਕਿ ਮੈਨੂੰ ਘਰ ਜਾਣਾ ਹੈ, ਸ਼ਾਇਦ ਹੋ ਸਕਦਾ ਹੁਣ ਮੈਂ ਦੁਬਾਰਾ ਤੁਹਾਡਾ ਪਤਾ ਲੈਣ ਨਾ ਆ ਸਕਾਂ । ਇਸ ਲਈ ਪਲੀਜ਼, ਜਲਦੀ ਠੀਕ ਹੋਕੇ ਘਰ ਜਾ ਓ ।

ਇੰਨੀ ਗੱਲ ਆਖ ਕੇ ਜਲਦੀ ਨਾਲ ਕਮਰੇ ਤੋਂ ਬਾਹਰ ਹੋਕੇ ਦਰਵਾਜ਼ਾ ਢੋਹ ਕੇ ਚਲੀ ਗਈ ।

ਬੰਦ ਦਰਵਾਜ਼ਾ ਅਤੇ ਹਸਪਤਾਲ ਦੀਆਂ ਲਾਈਟਾਂ, ਤੇ ਮੇਰਾ ਇਕੱਲਾਪਨ ਮੈਨੂੰ ਵੱਢ ਵੱਢ ਖਾਣ ਲੱਗਾ । ਤੇ ਮੈਂ ਫੇਰ ਆਪਣੀ ਉਸ ਕਾਗਜ਼ਾਂ ਦੀ ਦੁਨੀਆਂ ਵਿਚ ਚਲਾ ਗਿਆ ।

ਮਦਹੋਸ਼ ਕਰ ਦੇਂਦੇ ਨੇ ਮੈਨੂੰ ਦੋ ਨੈਣ ਤੇਰੇ,

ਦਿਲ ਵਿੱਚ ਆਹਟ ਹੁੰਦੀ ਹੈ ਜਦ ਤੇਰੇ ਆਉਣ ਦੀ,

ਲਗਦਾ ਹੈ ਕਦੀ ਵਹਿਮ ਮੈਨੂੰ ਤੇਰੇ ਆਉਣ ਦਾ,

ਹੁੰਦੀ ਹੈ ਆਸ ਮੈਨੂੰ ਕਦੀ ਤੇਰੇ ਆਉਣ ਦੀ,

ਕਿ ਕਦੀ ਤਾਂ ਦੁਬਾਰਾ ਫੇਰ ਮਿਲਾਂਗੇ ਆਪਾਂ,

ਐਸੀ ਵੀ ਕਿਹੜੀ ਇਹ ਹੈ,

ਜਿੰਦਗੀ ਬਣੀ ਰੋਣ ਲਈ,

ਰਾਤਾਂ ਦੇ ਹਨੇਰੇ ਮੇਰੇ ਹੋ ਜਾਵਣਗੇ ਉਜਾਲੇ,

ਲੱਗੀ ਰਹਿੰਦੀ ਟਿਕ - ਟਿਕ ਪੈਰਾਂ ਦੀ ਤੇਰੀ, ਮੇਰੇ ਤੀਕ ਜਦ ਆਉਣ ਦੀ ।

ਮੈਂ ਹਸਪਤਾਲ ਤੋਂ ਡਿਸਚਾਰਜ ਹੋਕੇ। ਕੁਝ ਦਿਨਾਂ ਬਾਅਦ ਮੈਂ ਠੀਕ ਹੋ ਕੇ ਆਪਣੇ ਘਰ ਆ ਗਿਆ ।

ਘਰ ਆਉਂਦੇ ਸਾਰ ਹੀ, ਮੇਰੇ ਮੋਬਾਇਲ ਤੇ ਮੇਰੇ ਵੀਰ ਜੀ ਦੀ ਕਾੱਲ ਆਈ।

ਵੀਰ ਜੀ---"ਰਹਿਮਾਨ ਜਿਸ ਨੇ ਤੇਰੇ ਤੇ ਜਾਨਲੇਵਾ ਹਮਲਾ ਕੀਤਾ ਸੀ, ਤੇ ਜੋ ਅਸਲੀ ਕਿਡਨੈਪਰ ਸੀ । ਅਸੀ ਉਸ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਲਿਆ ਹੈ । ਸ਼ਾਇਦ ਹੋ ਸਕਦਾ ਹੈ ਤੈਨੂੰ ਇਹ ਜਾਣ ਕੇ ਖੁਸ਼ੀ ਹੋਵੇ, ਕਿ ਹੁਣ ਤੈਨੂੰ ਕੋਈ ਖਤਰਾ ਨਹੀਂ ਹੈ ।"

ਵੀਰ ਜੀ ਦੇ ਮੂੰਹੋਂ ਇਹ ਖ਼ਬਰ ਸੁਣ ਕੇ ਮੈਨੂੰ ਕੁਝ ਰਾਹਤ ਮਿਲੀ। ਫਿਰ ਜਦ ਪਤਾ ਚਲਿਆ, ਕਿ ਅਸਲੀ ਕਿਡਨੈਪਰ ਕੋਈ ਹੋਰ ਨਹੀਂ ਮੁਸਕਾਨ ਦਾ ਪਤੀ

ਹੀ ਹੈ। ਇਹ ਜਾਣ ਕੇ ਮੇਰੇ ਅੰਦਰ ਇੱਕ ਅਜੀਬ ਜਿਹੀ ਉਲਝਣ ਪੈਦਾ ਹੋ ਗਈ।

ਕੁਝ ਦਿਨਾਂ ਬਾਅਦ ਪੁਲਿਸ ਨੇ ਆਪਣੀ ਕਾਰਵਾਈ ਕਰ ਕੇ, ਮੁਸਕਾਨ ਦੇ ਪਤੀ ਦੇ ਬਿਆਨ ਲੈ ਕੇ, ਤੇ ਸਾਰੇ ਸਬੂਤਾਂ ਤੇ ਗਵਾਹਾਂ ਨੂੰ ਇਕੱਠੇ ਕਰਕੇ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ।

ਅਦਾਲਤ ਵਿੱਚ ਪੇਸ਼ ਕਰਨ ਤੋਂ ਬਾਅਦ, ਕੁਝ ਸਵਾਲ ਮੁਸਕਾਨ ਦੇ ਪਤੀ ਕੋਲੋਂ ਪੁੱਛੇ ਗਏ।

ਸਵਾਲ --- "ਕੀ ਤੂੰ ਅਸਲੀ ਕਿਡਨੈਪਰ ਹੈਂ ? "

ਮੁਸਕਾਨ ਦੇ ਪਤੀ ਦਾ ਜਵਾਬ ----" ਜੀ ਹਾਂ ਬਿਲਕੁਲ। "

ਸਵਾਲ -----"ਤੂੰ ਆਪਣੀ ਬੱਚੀ ਨੂੰ ਕਿਡਨੈਪ ਕਰ ਕੇ, ਰਹਿਮਾਨ ਨੂੰ ਕਿਉਂ ਫਸਾਇਆ ? ਤੇ ਰਹਿਮਾਨ ਨੂੰ ਜਾਨੋਂ ਮਰਵਾਉਂਣ ਦੀ ਕੋਸ਼ਿਸ਼ ਕਿਉਂ ਕੀਤੀ ? ਤੇ ਜਦੋਂ ਤੂੰ ਰਹਿਮਾਨ ਦੇ ਕੋਲੋਂ ਪੈਸਿਆਂ ਵਾਲਾ ਬੈਗ ਲਿਆ ਸੀ, ਤੇਰੇ ਨਾਲ ਇੱਕ ਔਰਤ 'ਤੇ ਇਕ ਮਰਦ ਕੌਣ ਸੀ ?"

ਕੁਝ ਦੇਰ ਸਵਾਲਾਂ ਨੂੰ ਸੁਣਕੇ ਮੁਸਕਾਨ ਦਾ ਪਤੀ ਜੱਜ ਸਾਹਿਬ ਸਾਹਮਣੇ ਨੀਵੀਂ ਪਾ ਕੇ ਖਲੋਤਾ ਰਿਹਾ। ਫਿਰ ਇੱਕਦਮ ਗੁੱਸੇ 'ਚ ਅੱਖਾਂ ਲਾਲ ਕਰਕੇ ਬੇਧੜਕ ਹੋ ਕੇ ਬੋਲਿਆ।

ਉਸ ਦੇ ਜਵਾਬ ਕੁਝ ਇਸ ਤਰ੍ਹਾਂ ਸੀ:

"ਜਦ ਮੇਰਾ ਮੁਸਕਾਨ ਨਾਲ ਵਿਆਹ ਹੋਇਆ ਸੀ, ਤੇ ਮੈਂ ਆਪਣੇ ਬਾਰੇ ਸਭ ਕੁਝ ਮੁਸਕਾਨ ਨੂੰ ਦੱਸਿਆ ਸੀ। ਤੇ ਮੁਸਕਾਨ ਨੇ ਵੀ ਮੈਨੂੰ ਆਪਣੇ ਬਾਰੇ ਸਭ

ਕੁਝ ਦੱਸਿਆ ਤੇ ਕਿਹਾ - ਮੈਂ ਵਿਆਹ ਤੋਂ ਪਹਿਲਾਂ ਇੱਕ ਮੁੰਡੇ ਨੂੰ ਪਸੰਦ ਕਰਦੀ ਸੀ, ਤੇ ਉਸ ਨੂੰ ਪਿਆਰ ਵੀ ਕਰਦੀ ਸੀ, ਉਸਦਾ ਨਾਮ ਰਹਿਮਾਨ ਸੀ ।

ਮੁਸਕਾਨ ਦੇ ਮੂੰਹੋਂ ਇਹ ਸਭ ਸੁਣ ਕੇ ਮੈਨੂੰ ਕੋਈ ਹੈਰਾਨੀ ਨਹੀਂ ਹੋਈ । ਬਲਕਿ ਮੈਨੂੰ ਖ਼ੁਸ਼ੀ ਹੋਈ ਕਿ ਮੇਰੀ ਪਤਨੀ ਨੇ ਮੈਨੂੰ ਕਿਸੇ ਧੋਖੇ ਵਿੱਚ ਨਹੀਂ ਰੱਖਿਆ ਆਪਣੇ ਬਾਰੇ ਸਭ ਸੱਚ ਸੱਚ ਦੱਸਿਆ ਹੈ । ਕੁਝ ਕੁ ਦਿਨ ਤਾਂ ਮੁਸਕਾਨ ਚੁੱਪ-ਚਾਪ ਦਿਨ ਕੱਟੀ ਗਈ। ਫਿਰ ਹੌਲੀ ਹੌਲੀ ਸ਼ਾਇਦ ਉਸਨੂੰ ਮੈਂ ਵਧੀਆ ਲੱਗਣ ਲੱਗਿਆ । ਤੇ ਓਹ ਆਪਣੇ ਜ਼ਿੰਦਗੀ ਦੇ ਪਲ ਮੇਰੇ ਨਾਲ ਖੁਸ਼ੀ-ਖੁਸ਼ੀ ਬਿਤਾਉਣ ਲੱਗੀ ।

ਸਾਡਾ ਪਤੀ-ਪਤਨੀ ਦਾ ਰਿਸ਼ਤਾ ਪਾਣੀ ਦੇ ਵਹਾ ਵਾਂਗ ਚੱਲਦਾ ਜਾ ਰਿਹਾ ਸੀ । ਕਿ ਇੱਕ ਦਿਨ ਮੁਸਕਾਨ ਬੇਹੋਸ਼ ਹੋ ਕੇ ਜ਼ਮੀਨ ਤੇ ਡਿੱਗ ਪਈ । ਮੈਂ ਜਲਦੀ ਨਾਲ ਮੁਸਕਾਨ ਨੂੰ ਹਸਪਤਾਲ ਲੈ ਕੇ ਗਿਆ । ਜਿਥੋਂ ਲੇਡੀ ਡਾਕਟਰ ਕੋਲੋਂ ਮੈਨੂੰ ਪਤਾ ਚੱਲਿਆ । ਕਿ ਮੈਂ ਪਿਤਾ ਬਣਨ ਵਾਲਾ ਹਾਂ। ਸ਼ਾਇਦ ਮੇਰੀ ਜਗ੍ਹਾ ਕੋਈ ਹੋਰ ਹੁੰਦਾ ਤੇ ਇਹ ਖ਼ਬਰ ਸੁਣ ਕੇ ਬਹੁਤ ਖੁਸ਼ ਹੁੰਦਾ । ਪਰ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ।

ਜੱਜ ਸਾਹਿਬ - ਓ ਇਸ ਕਰਕੇ ਕਿਉਂਕਿ ਮੈਂ ਬੱਚੇ ਨੂੰ ਪੈਦਾ ਕਰ ਹੀ ਨਹੀਂ ਸਕਦਾ ਸੀ । ਮੈਂ ਕੁਦਰਤ ਵੱਲੋਂ ਇਸ ਕੰਮ ਲਈ ਬਹੁਤ ਨਾਜ਼ੁਕ ਸੀ । ਜਿਸ ਦਾ ਮੈਨੂੰ ਸਿੱਧਾ ਸ਼ੱਕ ਮੁਸਕਾਨ ਤੇ ਰਹਿਮਾਨ ਦੇ ਰਿਸ਼ਤੇ ਤੇ ਜਾ ਪਿਆ । ਮੈਂ ਆਪਣੇ ਗੁੱਸੇ ਨੂੰ ਆਪਣੇ ਅੰਦਰ ਹੀ ਪੀ ਲਿਆ ਸੀ । ਪਰ ਅੱਖੀਂ ਵੇਖ ਕੇ ਜ਼ਹਿਰ ਪੀਤਾ ਨਹੀਂ ਜਾਂਦਾ । ਫਿਰ ਇੱਦਾਂ ਹੀ ਮੁਸਕਾਨ ਨੇ ਇਕ ਬੱਚੇ ਨੂੰ ਜਨਮ ਦਿੱਤਾ । ਤੇ ਹੌਲੀ ਹੌਲੀ ਮੇਰਾ ਗੁੱਸਾ ਮੇਰੇ ਅੰਦਰ ਭਲਦਾ ਰਿਹਾ । ਇਕ ਦਿਨ ਮੁਸਕਾਨ ਦਾ ਜਨਮ ਦਿਨ ਸੀ, ਮੈਂ ਮੁਸਕਾਨ ਦੇ ਵਾਸਤੇ ਇੱਕ ਤੋਹਫਾ ਲੈ ਕੇ ਆਇਆ ਸੀ ।

ਤੇ ਮੁਸਕਾਨ ਮੈਨੂੰ ਆਪਣੇ ਕਾਲਜ ਦੇ ਦੋਸਤਾਂ ਬਾਰੇ ਦੱਸਣ ਲੱਗੀ। ਕਿ ਕਿਵੇਂ ਉਸ ਦੇ ਜਨਮ ਦਿਨ ਤੇ ਉਸਦੇ ਦੋਸਤ ਉਸਦਾ ਜਨਮ ਦਿਨ ਮਨਾਉਂਦੇ ਸੀ। ਫਿਰ ਗੱਲਾਂ ਗੱਲਾਂ ਵਿੱਚ ਮੁਸਕਾਨ ਦੀ ਜ਼ੁਬਾਨ ਤੇ ਰਹਿਮਾਨ ਦਾ ਨਾਮ ਆ ਗਿਆ।

ਏਦਾਂ ਇੱਕ ਵਾਰ ਨਹੀਂ ਹੋਇਆ ਸੀ, ਕਈ ਵਾਰ ਹੋਇਆ ਸੀ। ਮੁਸਕਾਨ ਦੇ ਗੱਲਾਂ ਕਰਦੀ ਕਰਦੀ ਦੇ ਮੂੰਹ ਵਿੱਚ ਰਹਿਮਾਨ ਦਾ ਨਾਮ ਆ ਹੀ ਜਾਂਦਾ ਸੀ। ਜੋ ਕਿ ਮੈਨੂੰ ਬਹੁਤ ਬੁਰਾ ਲੱਗਦਾ ਸੀ। ਮੈਂ ਮੁਸਕਾਨ ਨੂੰ ਹਰ ਇਕ ਪੱਖ ਤੋਂ ਬਹੁਤ ਖੁਸ਼ ਅਤੇ ਪਿਆਰ ਦਿੱਤਾ ਹੈ।

ਫਿਰ ਵੀ ਜਦ ਮੁਸਕਾਨ ਦੇ ਮੂੰਹ ਤੇ ਰਹਿਮਾਨ ਦਾ ਨਾਮ ਆਉਂਦਾ ਸੀ, ਮੈਨੂੰ ਅੰਦਰੋਂ ਹੀ ਅੰਦਰੋਂ ਮਾਰ ਦਿੰਦਾ ਸੀ। ਇਕ ਵਾਰ ਅਸੀਂ ਕਿਤੇ ਘੁੰਮਣ ਗਏ ਸੀ, ਓਥੇ ਮੁਸਕਾਨ ਨੇ ਰਹਿਮਾਨ ਦਾ ਜ਼ਿਕਰ ਕੀਤਾ ਸੀ, ਕਿ ਜਦੋਂ ਮੈਂ ਕਾਲਜ ਪੜਦੀ ਸੀ ਰਹਿਮਾਨ ਦੇ ਨਾਲ ਕਈ ਵਾਰ ਇਸ ਜਗ੍ਹਾ ਤੇ ਆਈ ਸੀ।

ਰਹਿਮਾਨ ਨਾਮ ਤੋ ਮੈਨੂੰ ਸਖਤ ਨਫਰਤ ਹੋ ਚੁੱਕੀ ਸੀ। ਤੇ ਇਕ ਦਿਨ ਮੈਂ ਆਪਣੇ ਮਨ ਵਿਚ ਫੈਸਲਾ ਕੀਤਾ। ਕਿ ਮੈਂ ਇਸ ਦਾ ਉਹ ਹਾਲ ਕਰੂੰਗਾ, ਕਿ ਸਾਰੀ ਜ਼ਿੰਦਗੀ ਯਾਦ ਰੱਖੇਗਾ।

ਪਹਿਲਾਂ ਮੈਂ ਇਹ ਯੋਜਨਾ ਬਣਾਈ। ਕਿ ਜੋ ਮੁਸਕਾਨ ਦੇ ਦਿਲ ਵਿਚ ਰਹਿਮਾਨ ਦੀ ਛਵੀ ਨਿੱਘ ਤੇ ਪਿਆਰ ਵਾਲੀ ਬਣੀ ਹੈ। ਮੈਂ ਉਸ ਨੂੰ ਖਰਾਬ ਕਰਾਂ, ਤਾਂ ਕਿ ਮੁਸਕਾਨ ਰਹਿਮਾਨ ਤੋਂ ਨਫ਼ਰਤ ਕਰਨ ਲੱਗ ਜਾਏ। ਬੱਚੀ ਨੂੰ ਕਿਡਨੈਪ ਕਰ ਕੇ ਮੈਂ ਰਹਿਮਾਨ ਤੇ ਇਲਜ਼ਾਮ ਲਾ ਦਿੱਤਾ। ਜਿਹਦੇ ਨਾਲ ਉਸ ਨੂੰ ਮੁਸਕਾਨ ਦੀਆਂ ਨਜ਼ਰਾਂ ਵਿੱਚ ਨੀਵਾਂ ਸੁੱਟ ਸਕਾਂ।

ਪਰ ਪਤਾ ਨਹੀਂ ਰਹਿਮਾਨ ਇਸਤੋਂ ਕਿੱਦਾਂ ਬੱਚ ਗਿਆ। ਜਦ ਇਸ ਕੇਸ ਵਿੱਚੋਂ ਬੱਚ ਕੇ ਨਿਕਲਣ ਦੀ ਖਬਰ ਮੈਨੂੰ ਪਤਾ ਲੱਗੀ । ਤਾਂ ਮੈਂ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ । ਪਰ ਮੇਰੀ ਮਾੜੀ ਕਿਸਮਤ ਤੇ ਰਹਿਮਾਨ ਦੀ ਚੰਗੀ ਨਿਕਲੀ । ਕੀ ਉਹ ਏਥੋਂ ਵੀ ਬੱਚ ਨਿਕਲਿਆ ।

ਇਸ ਵਿਚ ਮੇਰੇ ਨਾਲ ਜੋ ਵੀ ਲੋਕ ਇਨਵਾਲਵ ਸੀ, ਉਹ ਮੇਰੇ ਪਲੈਨ ਦਾ ਹਿੱਸਾ ਨਹੀਂ ਸੀ । ਉਹ ਸਿਰਫ ਪੈਸਿਆਂ ਦੇ ਲਈ, ਮੇਰੇ ਨਾਲ ਕੰਮ ਕਰਦੇ ਪਏ ਸੀ। ਤੇ ਮੇਰਾ ਸਾਥ ਦਿੰਦੇ ਪਏ ਸੀ । ਇਸ ਦੇ ਵਿੱਚ ਉਨ੍ਹਾਂ ਦਾ ਕੋਈ ਕਸੂਰ ਨਹੀਂ ਹੈ । ਤੇ ਇਸਦੀ ਸਜ਼ਾ ਦਾ ਹੱਕਦਾਰ ਸਿਰਫ ਮੈਂ ਆਪ ਹਾਂ । ਤੇ ਮੈਨੂੰ ਨੀ ਲਗਦਾ ਹੈ ਕਿ ਮੈਂ ਕੋਈ ਗਲਤੀ ਕੀਤੀ ਹੈ ।

ਮੇਰੀ ਜਗ੍ਹਾ ਕੋਈ ਹੋਰ ਵੀ ਪਤੀ ਹੁੰਦਾ ਤੇ ਸ਼ਾਇਦ ਉਹ ਵੀ ਏਹੀ ਕਰਦਾ । ਕਿੰਨਾ ਦਰਦਨਾਕ ਹੁੰਦਾ ਹੈ, ਇਕ ਪਤੀ ਦੇ ਲਈ ਇਹ ਸੁਣ ਨਾ। ਕਿ ਉਸ ਦੀ ਪਤਨੀ ਕਿਸੇ ਹੋਰ ਨੂੰ ਪਿਆਰ ਕਰਦੀ ਹੈ । ਇਸ ਲਈ ਮੈਂ ਇਸ ਦਰਦ ਤੋਂ ਆਜ਼ਾਦੀ ਚਾਹੁੰਦਾ ਸੀ ।

ਅੱਗੇ ਜੋ ਅਦਾਲਤ ਦਾ ਫੈਸਲਾ ਹੋਏ ਮੈਨੂੰ ਮਨਜ਼ੂਰ ਹੈ ।”

ਅਦਾਲਤ ਦੇ ਸਵਾਲਾਂ ਦੇ ਜਵਾਬ ਮੁਸਕਾਨ ਦੇ ਪਤੀ ਮੂੰਹੋਂ ਸੁਣਕੇ, ਅਦਾਲਤ ਨੇ ਇਹ ਫੈਸਲਾ ਸੁਣਾਇਆ ---- ਸਾਰੇ ਸਬੂਤਾਂ ਤੇ ਗਵਾਹਾਂ ਦੀ ਗਵਾਹੀ ਨੂੰ ਸੁਣ ਕੇ ਅਦਾਲਤ ਇਸ ਨਤੀਜੇ ਤੇ ਪਹੁੰਚੀ ਹੈ ।

ਧਾਰਾ 506 ਰਹਿਮਾਨ ਨੂੰ ਫੋਨ ਉਤੇ ਧਮਕੀ ਦੇ ਕੇ ਅਪਰਾਧ ਕਰਨ ਲਈ ਮਜਬੂਰ ਕਰਨਾ ।

ਧਾਰਾ 365 ਬੱਚੀ ਨੂੰ ਕਿਡਨੈਪ ਕਰਨਾ ।

ਧਾਰਾ 307 ਰਹਿਮਾਨ ਦੀ ਜਾਣ ਲੈਣ ਦੀ ਕੋਸ਼ਿਸ਼ ਕਰਨਾ।

ਤੇ ਏਦਾਂ ਦੀਆਂ ਹੀ ਕਈ ਧਾਰਾਵਾਂ ਲਗਾਕੇ, ਅਦਾਲਤ ਨੇ ਮੁਸਕਾਨ ਦੇ ਪਤੀ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਦਿੱਤੀ।

ਮੁਸਕਾਨ ਦੇ ਪਤੀ ਨੂੰ ਉਸਦੀ ਕੀਤੀ ਦੀ ਸਜ਼ਾ ਮਿਲ ਚੁੱਕੀ ਸੀ। ਤੇ ਪਿੱਛੇ ਬੱਚ ਗਏ ਸੀ। ਮੈਂ (ਰਹਿਮਾਨ ) ਮੁਸਕਾਨ ਤੇ ਬੱਚੀ।

ਹੁਣ ਇੱਕ ਮਾਂ ( ਮੁਸਕਾਨ ) ਦੇ ਲਈ ਆਪਣੀ ਬੱਚੀ ਦਾ ਸਹਾਰਾ ਬਣਨਾ, 'ਤੇ ਉਸ ਦੀ ਦੇਖਭਾਲ ਕਰਨਾ। ਉਸਦੇ ਲਈ ਕਿੰਨਾ ਔਖਾ ਸੀ। ਇਹ ਸਿਰਫ ਉਹ ਹੀ ਜਾਣ ਸਕਦੀ ਸੀ। ਮੇਰੇ ਤੇ ਮੁਸਕਾਨ ਦੀਆਂ ਅੱਖਾਂ ਦੇ ਸਾਹਮਣੇ ਉਸ ਦੇ ਪਤੀ ਦੀ ਸਚਾਈ ਸਾਹਮਣੇ ਆਉਣ ਤੇ ਦੋਹਾਂ ਦੇ ਗਿਲੇ-ਸ਼ਿਕਵੇ ਦੂਰ

ਹੋ ਗਏ। ਪਰ ਬੱਚੀ ਨੂੰ ਇੱਕ ਪਿਤਾ ਦੀ ਜ਼ਰੂਰਤ ਸੀ।

ਤੇ ਇਹ ਬੱਚੀ ਵੀ ਮੇਰਾ ਆਪਣਾ ਖ਼ੂਨ ਹੀ ਸੀ। ਸਮਾਜ ਦੀ ਅਤੇ ਪਰਿਵਾਰ ਦੀ ਪ੍ਰਵਾਹ ਕੀਤੇ ਬਿਨਾਂ। ਕੁਝ ਮਹੀਨਿਆਂ ਬਾਅਦ ਮੈਂ ਮੁਸਕਾਨ ਦਾ ਹੱਥ ਜਾ ਥੱਮਿਆਂ, ਤੇ ਉਸ ਦੇ ਨਾਲ ਵਿਆਹ ਦੇ ਬੰਧਨ ਵਿੱਚ ਬੰਨਿਆ ਗਿਆ। ਹੁਣ ਮੇਰੀ ਬੱਚੀ ਨੂੰ ਉਸ ਦਾ ਪਿਤਾ, ਅਤੇ ਮੁਸਕਾਨ ਨੂੰ ਉਸ ਦਾ ਖੋਇਆ ਹੋਇਆ ਪਿਆਰ ਵੀ ਮਿਲ ਗਿਆ। ਤੇ ਮੇਰੀ ਉਹ ਬੇਵਫਾ ਮੁਹੱਬਤ, ਮੇਰੀ ਪਤਨੀ ਬਣ ਕੇ ਵਫਾ ਬਣ ਗਈ।

ਵਿਆਹ ਤੋਂ ਬਾਅਦ ਮੈਂ ਤੇ ਬੱਚੀ ਅਤੇ ਮੇਰੀ ਪਤਨੀ ਦੀਆਂ ਜਿੰਮੇਵਾਰੀਆਂ ਮੇਰੇ ਸਿਰ ਆਣ ਪਈਆਂ। ਜਿਸ ਦੇ ਕਾਰਨ ਹੁਣ ਮੈਂ ਵੇਹਲਾ ਨਹੀਂ ਰਹਿੰਦਾ। ਇੱਕ ਪ੍ਰਾਈਵੇਟ ਜੌਬ ਕਰਨ ਲੱਗ ਗਿਆ ਹਾਂ।

ਏਦਾਂ ਹੀ ਖੁਸ਼ੀ ਦੇ ਹੱਸਦੇ-ਖੇਡਦੇ ਦਿਨ ਰੋਜ਼ ਲੰਘਦੇ ਜਾ ਰਹੇ ਹੈ।

ਤੇ ਮੈਂ ਆਪਣੇ ਪਿਆਰ ਤੇ ਆਪਣੀ ਬੱਚੀ ਨੂੰ ਪਾ ਕੇ ਬਹੁਤ ਖੁਸ਼ ਹਾਂ ।

ਸਹੀ ਕਿਹਾ ਹੈ ਕਿਸੇ ਨੇ - 'ਰੱਬ ਜੋ ਕਰਦਾ ਹੈ, ਉਹ ਚੰਗੇ ਲਈ ਹੀ ਕਰਦਾ ਹੈ।'

****ਸਮਾਪਤ***

(ਕਹਾਣੀ ਬਾਰੇ ਕੁਝ ਜ਼ਰੂਰੀ ਗੱਲਾਂ)

ਆਪ ਸਭ ਨੇ ਮੇਰੀ ਇਹ 'ਰੌਂਗ ਨੰਬਰ' ਕਹਾਣੀ, ਨੂੰ ਬਹੁਤ ਪਿਆਰ ਦਿੱਤਾ ਹੈ । ਜਿਸਦੇ ਲਈ ਮੈ ਆਪ ਸਭ ਦਾ ਦਿਲੋਂ ਧੰਨਵਾਦ ਕਰਦਾ ਹਾਂ । ਪਰ ਇਸ ਕਹਾਣੀ ਦਾ ਜੋ ਵਿਸ਼ਾ ਹੈ ਰੌਂਗ ਨੰਬਰ, ਹੋ ਸਕਦਾ ਇਹ ਮੇਰੇ ਕਿਸੇ ਦੋਸਤ ਨੇ ਇਸ ਬਾਰੇ ਨਾ ਸੋਚਿਆ ਹੋਵੇ । ਕਿ ਮੈਂ ਇਸ ਕਹਾਣੀ ਦਾ ਨਾਮ ਰੌਂਗ ਨੰਬਰ ਹੀ ਕਿਉਂ ਰੱਖਿਆ ?

ਇਸ ਕਹਾਣੀ ਵਿੱਚ ਕਿਸੇ ਫੋਨ ਨੰਬਰ, ਨੂੰ ਰੌਂਗ ਨੰਬਰ ਨਹੀਂ ਕਿਹਾ ਗਿਆ ਹੈ । ਅਸਲ ਵਿੱਚ ਰੌਂਗ ਨੰਬਰ ਦਾ ਮਤਲਬ ਹੈ, ਕਿ ਉਹ ਰਿਸ਼ਤੇ ਜੋ ਅਸੀਂ ਸਮਾਜ ਦੇ ਡਰ ਤੋਂ, ਤੇ ਜਾਤ - ਪਾਤ ਦੇ ਡਰ ਤੋਂ, ਕਿਸੇ ਹੋਰ ਥਾਂ ਜੋੜ ਲੈਂਦੇ ਹਾਂ । ਅਸਲ ਵਿੱਚ ਇਹ ਰੌਂਗ ਨੰਬਰ ਹੈ ।

ਦਿਲ ਕਿਤੇ ਹੋਰ ਲੱਗਿਆ ਹੁੰਦਾ ਹੈ, ਤੇ ਸ਼ਰੀਰ ਕੋਈ ਹੋਰ ਹੀ ਵਿਆਹ ਲੈ ਜਾਂਦਾ ਹੈ । ਇਹ ਰੌਂਗ ਨੰਬਰ ਹੈ । ਸੋਚ ਕੇ ਦੇਖੋ ਜੇ ਮੁਸਕਾਨ ਦਾ ਰਹਿਮਾਨ ਦੇ ਨਾਲ ਵਿਆਹ ਹੋ ਜਾਂਦਾ । ਤੇ ਜੋ ਮੁਸਕਾਨ ਦੇ ਪਤੀ ਨੇ ਗੁਨਾਹ ਕਿਤੇ ਸੀ, ਸ਼ਾਇਦ ਉਹ ਕਦੀ ਨਾ ਕਰਦਾ । ਸਿਰਫ ਇੱਕ ਰਿਸ਼ਤਿਆਂ ਦੇ ਰੌਂਗ ਨੰਬਰ ਨੇ, ਇਕ ਇਨਸਾਨ ਨੂੰ ਅਪਰਾਧੀ ਬਣਾ ਦਿੱਤਾ ।

ਸਾਡੇ ਸਮਾਜ ਵਿਚ ਅੱਜ ਵੀ ਜਾਤਾਂ - ਪਾਤਾਂ ਨੂੰ ਦੇਖਕੇ, ਰੰਗ ਰੂਪ ਦੇਖਕੇ, ਘਰਾਂ ਕੋਠੀਆਂ ਕਾਰਾਂ ਦੇਖਕੇ, ਵਿਆਹ ਕੀਤੇ ਜਾਂਦੇ ਹਨ। ਕਦੀ ਵੀ ਕਿਸੇ ਕੁੜੀ ਜਾਂ ਮੁੰਡੇ ਨੂੰ ਪੁੱਛਿਆ ਨਹੀਂ ਜਾਂਦਾ। ਕਿ ਤੂੰ ਇਸ ਰਿਸ਼ਤੇ ਲਈ ਸਹਿਮਤ ਹਾਂ, ਪਰ ਹੋ ਸਕਦਾ ਹੈ ਅੱਜ ਜ਼ਮਾਨਾ ਕੁਝ ਬਦਲ ਗਿਆ ਹੋਵੇ, ਪਰ ਅੱਜ ਵੀ ਕੁਝ ਏਦਾਂ ਦੀਆਂ ਜਿੰਦਗੀਆਂ ਨੇ, ਜੋ ਰੌਂਗ ਨੰਬਰ ਦੀ ਜ਼ਿੰਦਗੀ ਜੀਅ ਰਹੀਆਂ ਨੇ। ਆਪ ਸਭ ਦਾ ਇੱਕ ਵਾਰ ਫਿਰ ਤੋਂ ਬਹੁਤ ਬਹੁਤ ਧੰਨਵਾਦ।

******

ਨੋਟ :- ਇਸ ਕਹਾਣੀ ਲਈ ਆਪਣੇ ਵਿਚਾਰ ਸਾਂਝੇ ਕਰਨ ਦੇ ਲਈ ਆਪ ਜੀ ਸਾਨੂੰ ਹੇਠਾਂ ਦਿੱਤੀ ਜਾਣਕਾਰੀ ਤੇ ਮੈਸੇਜ ਭੇਜ ਕੇ ਗੱਲ ਕਰ ਸਕਦੇ ਹੋ।


_ਪ੍ਰਿੰਸ

ਵਟਸਐਪ ਨੰਬਰ :- 7986230226 ( ਸਿਰਫ਼ ਮੈਸੇਜ਼)

ਇੰਸਟਾਗ੍ਰਾਮ : - @official_prince_grewal

ਜੀਮੇਲ :- grewalp824@gmail.com



ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com